ਜਿਲਦ: 01, ਅੰਕ: 17

1 ਤੋਂ 15 ਮਾਰਚ 2021, ਮੁਫ਼ਤ

# ਨਿਊ ਇੰਡੀਆ ਸਮਾਚਾਰ




# ਪੂਰਵ-ਉਦੈ ਤੋਂ ਭਾਰਤ ਉਦੈ

## ਪੂਰਬੀ ਭਾਰਤ ਦਾ ਆਰਥਿਕ ਗੌਰਵ ਪਰਤਾ ਨਵੀਆਂ ਉਚਾਈਆਂ 'ਤੇ ਲਿਜਾਣ ਦਾ ਮੋਦੀ ਸਰਕਾਰ ਦਾ ਸੰਕਲਪ

# ਵਿਸ਼ਵ ਉਪਭੋਗਤਾ ਅਧਿਕਾਰ ਦਿਵਸ




## ਨਵੇਂ ਭਾਰਤ 'ਚ ਵਧਦਾ ਉਪਭੋਗਤਾਵਾਂ ਦਾ ਭਰੋਸਾ

- ਉਪਭੋਗਤਾਵਾਂ ਦੀ ਸੰਤੁਸ਼ਟੀ ਦੇ ਮਾਮਲੇ 'ਚ 2018 ਤੋਂ ਭਾਰਤ ਦੁਨੀਆ ਦੇ ਚੋਟੀ ਦੇ ਦੇਸ਼ਾਂ ਵਿੱਚ ਸ਼ਾਮਲ ਰਿਹਾ ਹੈ। ਭਾਰਤ 'ਚ ਉਪਭੋਗਤਾਵਾਂ ਦਾ ਭਰੋਸਾ ਲਗਾਤਾਰ ਵਧਿਆ ਹੈ।
- ਕਾਗਜ਼ਾਂ 'ਚ ਗ੍ਰਾਹਕ ਨੂੰ ਦੇਵਤਾ ਮੰਨਣ ਦਾ ਦਾਅਵਾ ਕਈ ਵਾਰ ਝੂਠ ਹੀ ਨਿਕਲਦਾ ਹੈ। ਇਸ ਲਈ ਕੇਂਦਰ ਸਰਕਾਰ ਨੇ ਉਪਭੋਗਤਾਵਾਂ ਦੇ ਹਿਤਾਂ ਨੂੰ ਧਿਆਨ 'ਚ ਰੱਖਦਿਆਂ ਇਸ ਦਿਸ਼ਾ ਵਿੱਚ ਕਈ ਅਹਿਮ ਕਦਮ ਉਠਾਏ ਹਨ।
- ਪਹਿਲੀ ਵਾਰ ਔਨਲਾਈਨ ਸ਼ਾਪਿੰਗ ਵੀ ਇਸ ਦੇ ਘੇਰੇ ਵਿੱਚ ਆ ਚੁੱਕੀ ਹੈ। ਕੇਂਦਰ ਸਰਕਾਰ ਨੇ ਇਸ ਲਈ ਉਪਭੋਗਤਾ ਸੁਰੱਖਿਆ ਕਾਨੂੰਨ 2019 ਬਣਾਇਆ ਹੈ।
- ਕਿਸੇ ਵੀ ਗ਼ੈਰ-ਜ਼ਰੂਰੀ ਵਪਾਰ ਪੱਧਤੀ ਜਾਂ ਖ਼ਰਾਬ ਸਮਾਨ ਵਿਰੁੱਧ ਖੜ੍ਹੇ ਹੋਣਾ ਅਤੇ ਬੋਲਣਾ ਤੁਹਾਡਾ ਅਧਿਕਾਰ ਹੈ। ਰਾਸ਼ਟਰੀ ਹੈਲਪਲਾਈਨ 1800-11-1400 ਉੱਤੇ ਕਾਲ ਕਰਕੇ ਤੁਸੀਂ ਇਸ ਦੀ ਸ਼ਿਕਾਇਤ ਕਰ ਸਕਦੇ ਹੋ।



"ਵਿਸ਼ਵ ਉਪਭੋਗਤਾ ਅਧਿਕਾਰ ਦਿਵਸ 'ਤੇ ਸ਼ੁਭਕਾਮਨਾਵਾਂ। ਉਪਭੋਗਤਾ ਅਰਥਵਿਵਸਥਾ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਰਤ ਸਰਕਾਰ ਨਾ ਸਿਰਫ਼ ਉਪਭੋਗਤਾ ਸੁਰੱਖਿਆ, ਬਲਕਿ ਉਪਭੋਗਤਾਵਾਂ ਦੀ ਖੁਸ਼ਹਾਲੀ ਉੱਤੇ ਵੀ ਧਿਆਨ ਕੇਂਦ੍ਰਿਤ ਕਰ ਰਹੀ ਹੈ। - ਨਰੇਂਦਰ ਮੋਦੀ, ਪ੍ਰਧਾਨ ਮੰਤਰੀ"

ਨਿਊ ਇੰਡੀਆ
ਸਮਾਚਾਰ
ਜਿਲਦ: 01, ਅੰਕ: 17 | 1 ਤੋਂ 15 ਮਾਰਚ 2021

**ਸੰਪਾਦਕ:**
**ਜੈਦੀਪ ਭਟਨਾਗਰ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਸਲਾਹਕਾਰ ਸੰਪਾਦਕ:
**ਸੰਤੋਸ਼ ਕੁਮਾਰ**
**ਵਿਨੋਦ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ:
**ਵਿਭੋਰ ਸ਼ਰਮਾ**

**ਪ੍ਰਕਾਸ਼ਕ ਅਤੇ ਪ੍ਰਿੰਟਰ:**
**ਸਤਯੇਂਦਰ ਪ੍ਰਕਾਸ਼**
ਡਾਇਰੈਕਟਰ ਜਨਰਲ, ਬੀਓਸੀ
(ਬਿਊਰੋ ਆਵ੍ ਆਊਟਰੀਚ
ਐਂਡ ਕਮਿਊਨੀਕੇਸ਼ਨ)

**ਪ੍ਰਿੰਟਿੰਗ:**
ਵਿਬਾ ਪ੍ਰੈੱਸ ਪ੍ਰਾਈਵੇਟ ਲਿਮਿਟਿਡ,
ਸੀ–66/3, ਓਖਲਾ ਫ਼ੇਜ਼–II,
ਓਖਲਾ ਇੰਡਸਟ੍ਰੀਅਲ ਏਰੀਆ,
ਨਵੀਂ ਦਿੱਲੀ

**ਸੰਪਰਕ:** ਬਿਊਰੋ ਆਵ੍ ਆਊਟਰੀਚ
ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਜੀ ਮੰਜ਼ਿਲ,
ਨਵੀਂ ਦਿੱਲੀ–110003
**ਈਮੇਲ-response-nis@pib.gov.in**

**ਡਿਜ਼ਾਈਨਰ:**
ਸ਼ਿਆਮ ਸ਼ੰਕਰ ਤਿਵਾਰੀ

ਆਰ.ਐੱਨ.ਆਈ. ਨੰਬਰ
DELPUN/2020/78808

## ਅੰਦਰਲੇ ਪੰਨਿਆਂ ਉੱਤੇ...

# ਪੂਰਵ-ਉਦੈ ਬਣਿਆ ਨਵੇਂ ਭਾਰਤ ਦਾ ਮੰਤਰ



**ਕਵਰ ਸਟੋਰੀ** | ਆਜ਼ਾਦੀ ਤੋਂ ਬਾਅਦ ਵਿਕਾਸ ਦੇ ਮਾਮਲੇ 'ਚ ਭਾਰਤ ਦੇ ਹੋਰ ਹਿੱਸਿਆਂ ਤੋਂ ਪਿਛੜਿਆ ਪੂਰਬੀ ਭਾਰਤ ਪਹਿਲੀ ਵਾਰ ਕਿਸੇ ਕੇਂਦਰ ਸਰਕਾਰ ਦੇ ਮੁੱਖ ਏਜੰਡੇ 'ਚ | ਪੰਨਾ 14-23

## ਫਲੈਗਸ਼ਿਪ ਯੋਜਨਾ...

### ਜਿਨ੍ਹਾਂ ਦੀ ਮਿਹਨਤ ਦੇਸ਼ ਦਾ ਆਧਾਰ ਉਨ੍ਹਾਂ ਦੀ ਪੈਨਸ਼ਨ ਦਾ ਸੁਪਨਾ ਸਾਕਾਰ

ਪੰਨਾ 10-11

## ਅੰਤਰਰਾਸ਼ਟਰੀ ਮਹਿਲਾ ਦਿਵਸ

### ਇੱਛਾ-ਸ਼ਕਤੀ ਨਾਲ ਇਤਿਹਾਸ ਰਚਣ ਵਾਲੀਆਂ ਮਹਿਲਾਵਾਂ ਨੂੰ ਸਲਾਮ



ਇਸ ਵਾਰ ਖ਼ਾਸ ਅਜਿਹੀਆਂ ਮਹਿਲਾਵਾਂ ਦੀਆਂ ਕਹਾਣੀਆਂ, ਜਿਨ੍ਹਾਂ ਨੇ ਸਮਾਜ ਦੀਆਂ ਬੇੜੀਆਂ ਤੋੜ ਕੇ ਭਰੀ ਹੌਸਲੇ ਦੀ ਉਡਾਣ

ਪੰਨਾ 6-8

**ਸਮਾਚਾਰ-ਸਾਰ**
ਦੇਸ਼ ਦੀਆਂ ਪ੍ਰਮੁੱਖ ਖ਼ਬਰਾਂ | ਪੰਨਾ 4-5

**ਤਮਿਲ ਨਾਡੂ 6 ਸਾਲ 'ਚ 50 ਹਜ਼ਾਰ ਕਰੋੜ ਰੁਪਏ ਦੇ ਤੋਹਫ਼ੇ**
ਤਮਿਲ ਨਾਡੂ ਤੇ ਕੇਰਲ ਨੂੰ ਮਿਲੇ ਨਵੇਂ ਤੋਹਫ਼ੇ | ਪੰਨਾ 9

**ਪ੍ਰਧਾਨ ਮੰਤਰੀ ਬੋਲੇ - ਕਾਨੂੰਨ ਸਿਰਫ਼ ਮੰਗਣ 'ਤੇ ਹੀ ਨਹੀਂ ਮਿਲਦੇ**
ਲੋਕ ਸਭਾ ਤੇ ਰਾਜ ਸਭਾ 'ਚ ਕਈ ਮੁੱਦਿਆਂ 'ਤੇ ਬੋਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ | ਪੰਨਾ 12-13

**ਭੂਪੇਨ ਦਾ; ਜੋ ਹਿੰਦੀ 'ਚ ਲਿਆਏ ਅਸਾਮ ਦੀ ਮਹਿਕ**
ਕਹਾਣੀ ਭਾਰਤ ਰਤਨ ਭੂਪੇਨ ਹਜ਼ਾਰਿਕਾ ਦੀ | ਪੰਨਾ 24

**ਅਸੀਂ ਭਾਰਤ ਦੀ ਇੱਕ ਇੰਚ ਜ਼ਮੀਨ ਕਿਸੇ ਨੂੰ ਨਹੀਂ ਲੈਣ ਦੇਵਾਂਗੇ**
ਸੰਸਦ 'ਚ ਲੱਦਾਖ ਵਿਵਾਦ ਬਾਰੇ ਰੱਖਿਆ ਮੰਤਰੀ ਦਾ ਬਿਆਨ | ਪੰਨਾ 25

**ਦੁਨੀਆ ਨੇ ਦੇਖੀ ਆਤਮਨਿਰਭਰ ਭਾਰਤ ਦੀ ਤਾਕਤ**
ਏਅਰੋ ਇੰਡੀਆ 'ਚ ਹੋਈ 83 ਤੇਜਸ ਦੀ ਡੀਲ | ਪੰਨਾ 26-27

**ਵਣ-ਜੀਵਾਂ ਦੀ ਰੱਖਿਆ, ਭਾਰਤ ਦੀ ਸੁਰੱਖਿਆ**
ਵਣ-ਜੀਵਾਂ ਦੀ ਰੱਖਿਆ ਦੇ ਮਾਮਲੇ 'ਚ ਲਗਾਤਾਰ ਅੱਗੇ ਵਧ ਰਿਹਾ ਭਾਰਤ | ਪੰਨਾ 28-30

**ਵੈਕਸੀਨ ਮੈਤ੍ਰੀ... ਦੁਨੀਆ ਨੂੰ ਜ਼ਿੰਦਗੀ ਦਾ ਤੋਹਫ਼ਾ**
ਕੋਰੋਨਾ ਖ਼ਿਲਾਫ਼ ਜੰਗ | ਪੰਨਾ 31

**ਤੰਦਰੁਸਤ ਭਾਰਤ ਵੱਲ ਵਧਦੇ ਕਦਮ**
ਆਮ ਬਜਟ ਦੇ ਕੇਂਦਰ 'ਚ ਪਹਿਲੀ ਵਾਰ ਸਿਹਤ ਖੇਤਰ | ਪੰਨਾ 32-33

**ਇਤਿਹਾਸ ਨੂੰ ਸਮ੍ਰਿੱਧ ਕਰਨ ਦੀ ਦਿਸ਼ਾ ਵਿੱਚ ਵਧ ਰਿਹਾ ਹੈ ਭਾਰਤ**
ਉੱਤਰ ਪ੍ਰਦੇਸ਼ 'ਚ ਮਹਾਰਾਜਾ ਸੁਹੇਲਦੇਵ ਯਾਦਗਾਰੀ ਸਮਾਰੋਹ | ਪੰਨਾ 34-35

**ਹੱਥੀਂ ਬਣਾਏ ਮੋਨਪਾ ਕਾਗਜ਼**
ਕਹਾਣੀ ਬਦਲਦੇ ਭਾਰਤ ਦੀ | ਪੰਨਾ 40



**ਜਦੋਂ ਵੀ ਆਈ ਆਪਦਾ, ਦੁਨੀਆ ਨੇ ਦੇਖਿਆ ਦੇਸ਼ ਦਾ ਦਮ**
ਭਾਰਤ 'ਚ ਆਪਦਾ ਪ੍ਰਬੰਧਨ ਦੀ ਸ਼ੁਰੂਆਤ ਦੀ ਕਹਾਣੀ, ਜਿਸ ਨੇ ਨਾ ਸਿਰਫ਼ ਘਰ 'ਚ ਕਈ ਜ਼ਿੰਦਗੀਆਂ ਬਚਾਈਆਂ, ਬਲਕਿ ਦੁਨੀਆ ਦੇ ਦੂਜੇ ਦੇਸ਼ਾਂ 'ਚ ਦਿਖਾਇਆ ਦਮ | ਪੰਨਾ 36-39

# ਸੰਪਾਦਕ ਦੀ ਕਲਮ ਤੋਂ...

ਸਾਦਰ ਨਮਸਕਾਰ!

'ਨਿਊ ਇੰਡੀਆ ਸਮਾਚਾਰ' ਨੂੰ ਤੁਹਾਡਾ ਅਪਾਰ ਸਨੇਹ ਅਤੇ ਭਰੋਸਾ ਮਿਲ ਰਿਹਾ ਹੈ। ਦੇਸ਼ ਦੇ ਆਮ ਲੋਕਾਂ ਦਾ ਇਹੀ ਭਰੋਸਾ ਕੇਂਦਰ ਸਰਕਾਰ ਨੂੰ ਵੀ ਦੇਸ਼ ਦੇ ਸਮੁੱਚੇ ਵਿਕਾਸ ਲਈ ਊਰਜਾ ਪ੍ਰਦਾਨ ਕਰਦਾ ਹੈ। ਦੇਸ਼ ਦੀਆਂ ਉਮੀਦਾਂ ਨੂੰ ਸਾਕਾਰ ਕਰਨ ਦੀ ਦਿਸ਼ਾ 'ਚ ਪੜਾਅਵਾਰ ਤਰੀਕੇ ਨਾਲ ਨਿਰੰਤਰ ਨਵੀਆਂ-ਨਵੀਆਂ ਪਹਿਲਾਂ ਭਾਰਤ ਨੂੰ ਇੱਕ ਮਜ਼ਬੂਤ ਰਾਸ਼ਟਰ ਬਣਾ ਰਹੀਆਂ ਹਨ। ਸੰਨ 2014 'ਚ ਸਰਕਾਰ ਦੀ ਐਕਟ-ਈਸਟ ਪਾਲਿਸੀ ਦਾ ਕੇਂਦਰ ਉੱਤਰ-ਪੂਰਬ ਦੇ ਅੱਠ ਰਾਜ ਬਣੇ, ਜਿਨ੍ਹਾਂ ਨੂੰ ਹਾਈਵੇਜ਼- ਇੰਟਰਨੈੱਟ-ਵਾਟਰਵੇਜ਼-ਏਅਰਵੇਜ਼ ਦੇ ਜ਼ਰੀਏ ਸਮੁੱਚੇ ਭਾਰਤ ਨਾਲ ਜੋੜਿਆ ਗਿਆ।


ਪੂਰਬੀ ਭਾਰਤ ਜੋ ਆਜ਼ਾਦੀ ਤੋਂ ਪਹਿਲਾਂ ਦੇਸ਼ ਦਾ ਆਰਥਿਕ ਗੌਰਵ ਹੁੰਦਾ ਸੀ, ਹੁਣ ਸਰਕਾਰ ਉਸ ਨੂੰ ਨਵੇਂ ਭਾਰਤ ਦੇ ਵਿਕਾਸ ਦਾ ਮੋਹਰੀ ਬਣਾਉਣ 'ਚ ਜੁਟੀ ਹੋਈ ਹੈ। ਜਿਸ ਵਿੱਚ ਉੱਤਰ-ਪੂਰਬ ਸਮੇਤ ਪੱਛਮੀ ਬੰਗਾਲ ਦੀ ਨਿਰਣਾਇਕ ਭੂਮਿਕਾ ਹੋਵੇਗੀ। ਇਸ ਪਰਿਵਰਤਨ ਨੂੰ ਹੀ ਸਰਕਾਰ ਦੇਸ਼ ਦੀ ਜੀਵਨਧਾਰਾ ਬਣਾਉਣ 'ਚ ਜੁਟੀ ਹੋਈ ਹੈ। ਉੱਤਰ-ਪੂਰਬ ਸਮੇਤ ਪੂਰਬੀ ਭਾਰਤ ਹੁਣ ਨਜ਼ਰਅੰਦਾਜ਼ ਨਹੀਂ ਰਹਿ ਗਿਆ ਹੈ, ਬਲਕਿ ਦੇਸ਼ ਦਾ ਇੱਕ ਪ੍ਰਮੁੱਖ ਵਿਕਾਸ ਇੰਜਣ ਬਣ ਰਿਹਾ ਹੈ। ਇਸ ਅੰਕ ਦੀ ਕਵਰ-ਸਟੋਰੀ, ਕੇਂਦਰ ਸਰਕਾਰ ਦੇ ਸੰਕਲਪ - 'ਪੂਰਵ-ਉਦੈ' ਉੱਤੇ ਹੀ ਅਧਾਰਿਤ ਹੈ, ਜੋ ਪੂਰਬੀ ਭਾਰਤ ਦੇ ਵਿਕਾਸ ਦੀ ਕਹਾਣੀ ਦੱਸਦੀ ਹੈ। ਪੂਰਬੀ ਭਾਰਤ ਦੇ ਵਿਕਾਸ ਉੱਤੇ ਮਿਸ਼ਨ ਮੋਡ 'ਚ ਕੰਮ ਹੋ ਰਿਹਾ ਹੈ, ਜਿਸ ਨਾਲ ਦੇਸ਼ ਦੇ ਪੱਛਮੀ ਭਾਗ ਦੀ ਤਰ੍ਹਾਂ ਹੀ ਪੂਰਬੀ ਭਾਰਤ ਵੀ ਵਿਕਸਿਤ ਹੋਵੇ ਤੇ ਦੇਸ਼ ਦੇ ਵਿਕਾਸ ਦਾ ਨਵਾਂ ਉਦੈ ਹੋ ਸਕੇ।

ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਦੇਸ਼ 'ਨਾਰੀ ਰਤਨ' ਦੀਆਂ ਪ੍ਰੇਰਕ ਕਹਾਣੀਆਂ, ਵਣ-ਜੀਵ ਸੁਰੱਖਿਆ ਲਈ ਹੋਈ ਪਹਿਲ ਤੋਂ ਲੈ ਕੇ ਕਿਰਤੀਆਂ ਦੇ ਸਨਮਾਨ ਤੇ ਦੱਖਣੀ ਰਾਜਾਂ ਦੇ ਵਿਕਾਸ ਦੀ ਕਹਾਣੀ ਵੀ ਇਸ ਅੰਕ ਦਾ ਹਿੱਸਾ ਬਣੀਆਂ ਹਨ।

ਹਰ ਵਾਰ ਦੀ ਤਰ੍ਹਾਂ ਤੁਸੀਂ ਆਪਣੇ ਵਿਚਾਰ ਤੇ ਸੁਝਾਅ ਸਾਨੂੰ ਲਿਖਦੇ ਰਹੋ।


ਪਤਾ- ਬਿਊਰੋ ਆਵ੍ ਆਊਟਰੀਚ ਐਂਡ ਕਮਿਊਨੀਕੇਸ਼ਨ,
ਸੂਚਨਾ ਭਵਨ, ਦੂਜੀ ਮੰਜ਼ਿਲ,
ਨਵੀਂ ਦਿੱਲੀ-110003
ਈਮੇਲ- response-nis@pib.gov.in

(ਜੈਦੀਪ ਭਟਨਾਗਰ)




# ਆਪਕੀ ਬਾਤ...

ਨਮਸਕਾਰ।
ਤੁਹਾਡਾ ਸਮਾਚਾਰ ਪੱਤਰ ਪੜ੍ਹਨ 'ਤੇ ਮਨ 'ਚ ਪ੍ਰਸੰਨਤਾ ਹੁੰਦੀ ਹੈ ਕਿਉਂਕਿ ਇਹ ਸਭ ਕਿਸਮ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਵਿੱਚ ਨੌਜਵਾਨਾਂ ਲਈ ਬਹੁਤ ਜਾਣਕਾਰੀ ਹੈ। ਤੁਹਾਨੂੰ ਬੇਨਤੀ ਹੈ ਕਿ ਇਸ ਵੇਲੇ ਰਾਮ ਮੰਦਿਰ ਨਿਰਮਾਣ ਲਈ ਚਲ ਰਹੀ ਸਮਰਪਣ ਮੁਹਿੰਮ ਦੀ ਜਾਣਕਾਰੀ ਤੇ ਸਮਾਚਾਰ ਵੀ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
mohitkcs.thoi1988@gmail.com

ਨਮਸਕਾਰ ਸੰਪਾਦਕ ਸਾਹਿਬ।
ਮੈਨੂੰ 'ਨਿਊ ਇੰਡੀਆ ਸਮਾਚਾਰ' ਦਾ 1-15 ਫਰਵਰੀ ਅੰਕ ਪੜ੍ਹਨ ਦਾ ਸੁਭਾਗ ਮਿਲਿਆ। ਇਹ ਬਿਹਤਰੀਨ ਅੰਕ ਬੇਹੱਦ ਗਿਆਨ-ਵਧਾਊ ਹੈ। ਬਹੁਤ ਸਾਰੇ ਸੁਆਲਾਂ ਦੇ ਜੁਆਬ ਵੀ ਮਿਲੇ। ਇਸ ਖ਼ੂਬਸੂਰਤ ਪਤ੍ਰਿਕਾ 'ਚ ਜੇ ਸਾਹਿਤਕ ਸ਼ਬਦ ਰਚਨਾਵਾਂ ਵੀ ਸ਼ਾਮਲ ਹੋ ਜਾਣ, ਤਾਂ ਇਹ ਹਰੇਕ ਪਾਠਕ ਵਰਗ ਲਈ ਇੱਕ ਸੰਪੂਰਨ ਪਤ੍ਰਿਕਾ ਅਖਵਾਏਗੀ।
ਸੁਭਾਸ਼ ਵਰਮਾ

'ਨਿਊ ਇੰਡੀਆ ਸਮਾਚਾਰ' ਦਾ ਮੈਂ ਸਭ ਤੋਂ ਪਹਿਲਾਂ ਸੁਆਗਤ ਕਰਦਾ ਹਾਂ। ਮੈਂ ਇਹ ਕਹਿਣਾ ਚਾਹਾਂਗਾ ਕਿ ਸਾਡੇ ਦੇਸ਼ ਨੇ ਕੋਰੋਨਾ ਦੀ ਜੋ ਸਵਦੇਸ਼ੀ ਵੈਕਸੀਨ ਬਣਾਈ ਹੈ, ਉਸ ਲਈ ਵਿਗਿਆਨੀਆਂ ਨੂੰ ਨਮਨ ਕਰਦਾ ਹਾਂ। ਸਾਨੂੰ ਆਪਣੇ ਦੇਸ਼ 'ਤੇ ਬਹੁਤ ਮਾਣ ਹੈ। ਅੱਜ ਸਾਡਾ ਭਾਰਤ ਬਹੁਤ ਉਚਾਈ 'ਤੇ ਪਹੁੰਚ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਨੇ ਦੇਸ਼ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਅੱਗੇ ਲਿਜਾਣ ਦਾ ਜੋ ਕੰਮ ਕੀਤਾ ਹੈ, ਉਸ ਨਾਲ ਭਾਰਤ ਦੀ ਪੂਰੀ ਜਨਤਾ ਖ਼ੁਸ਼ ਹੈ ਤੇ ਮਾਣ ਮਹਿਸੂਸ ਕਰ ਰਹੀ ਹੈ।
raushankumargangti@gmail.com

ਤੁਹਾਡੇ ਵੱਲੋਂ ਭੇਜਿਆ 'ਨਿਊ ਇੰਡੀਆ ਸਮਾਚਾਰ' ਦਾ ਅੰਕ ਮਿਲਿਆ। ਇਸ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ। ਭਾਰਤੀ ਵਿਗਿਆਨੀਆਂ ਦੁਆਰਾ ਬਣਾਈ ਗਈ ਸਵਦੇਸ਼ੀ ਵੈਕਸੀਨ ਉੱਤੇ ਅਧਾਰਿਤ ਲੇਖ ਬਹੁਤ ਹੀ ਸ਼ਲਾਘਾਯੋਗ ਤੇ ਕਾਬਿਲੇ-ਤਾਰੀਫ਼ ਹੈ। ਧੰਨਵਾਦ।

ਸ਼ਮਸ਼ੇਰ ਬਹਾਦੁਰ
gorkhasandesh1@gmail.com;

ਪਤ੍ਰਿਕਾ ਪੜ੍ਹ ਕੇ ਬਹੁਤ ਵਧੀਆ ਲਗਿਆ। ਇਸ ਵਿੱਚ ਦੇਸ਼ ਦੇ ਵਿਕਾਸ ਦੀਆਂ ਗੱਲਾਂ ਦਾ ਪਤਾ ਚਲਦਾ ਹੈ। ਇਸ ਲਈ ਬਹੁਤ-ਬਹੁਤ ਸਾਧੂਵਾਦ। ਨਾਲ ਹੀ ਮੇਰੀ ਸਨਿਮਰ ਬੇਨਤੀ ਹੈ ਕਿ ਇਸ ਵਿੱਚ ਘਰੇਲੂ ਤੇ ਕੁਟੀਰ ਉਦਯੋਗ ਬਾਰੇ ਵੀ ਚਰਚਾ ਕੀਤੀ ਜਾਵੇ।
tulsiramparashar@gmail.com

ਮੈਂ ਰਵੀ ਚੌਰਸੀਆ, ਤੁਹਾਡੇ ਦੁਆਰਾ ਪੇਸ਼ ਇਸ ਸਮਾਚਾਰ ਮਾਧਿਅਮ ਨੂੰ ਮੇਰੀ ਤਰਫੋਂ ਦਿਲੀ ਸ਼ੁਭਕਾਮਨਾਵਾਂ। ਤੁਹਾਡੇ ਦੁਆਰਾ ਪੇਸ਼ ਸਮਾਚਾਰ ਬਹੁਤ ਹੀ ਵਧੀਆ ਲਗਿਆ। ਆਉਣ ਵਾਲੇ ਸਮੇਂ 'ਚ ਮੈਂ ਵੀ ਤੁਹਾਡੇ ਇਸ ਸਮਾਚਾਰ ਮਾਧਿਅਮ ਨੂੰ ਸੁਝਾਅ ਦੇਣ ਦੀ ਕੋਸ਼ਿਸ਼ ਕਰਾਂਗਾ।
ਰਵੀ ਚੌਰਸੀਆ, raviswastika@gmail.com

## ਹੁਣ ਡਿਜੀਟਲ ਕੈਲੰਡਰ

ਭਾਰਤ ਸਰਕਾਰ ਨੇ ਪਹਿਲੀ ਵਾਰ ਡਿਜੀਟਲ ਕੈਲੰਡਰ ਤੇ ਡਾਇਰੀ ਐਪ ਲਾਂਚ ਕੀਤੀ ਹੈ। ਜੀਓਆਈ ਐਪ 'ਤੇ ਵੀ ਸਾਰੀਆਂ ਸਰਕਾਰੀ ਯੋਜਨਾਵਾਂ, ਪ੍ਰੋਗਰਾਮ, ਪ੍ਰਕਾਸ਼ਨ ਦੇ ਨਾਲ ਅਧਿਕਾਰਤ ਛੁੱਟੀਆਂ ਤੇ ਮਿਤੀਆਂ ਦੀ ਜਾਣਕਾਰੀ ਵੀ ਮਿਲ ਜਾਵੇਗੀ।

ਇਸ ਨੂੰ ਗੂਗਲ ਪਲੇਅ ਸਟੋਰ ਅਤੇ ਆਈਓਐੱਸ ਤੋਂ ਡਾਊਨਲੋਡ ਕਰ ਸਕਦੇ ਹੋ।

ਗੂਗਲ ਪਲੇਅ ਸਟੋਰ ਲਿੰਕ
https://play.google.com/store/apps/details?id=in.gov.calendar

ਆਈਓਐੱਸ ਲਿੰਕ
https://apps.apple.com/in/app/goi-calendar/id1546365594

https://goicalendar.gov.in/

ਅਦਭੁਤ! ਵਿਲੱਖਣ! ਬਹੁਤ ਹੀ ਵਧੀਆ ਅੰਕ ਹੈ। ਕੇਂਦਰ ਸਰਕਾਰ ਦੇ ਕੋਰੋਨਾ ਵੈਕਸੀਨ ਪ੍ਰੋਗਰਾਮ ਦੀ ਸਮੇਂ ਤੋਂ ਪਹਿਲਾਂ ਤਿਆਰ ਕੀਤੀ ਗਈ ਯੋਜਨਾ ਤੇ ਸਾਡੇ ਪ੍ਰਧਾਨ ਮੰਤਰੀ ਦੀ ਦੂਰਗਾਮੀ ਸੋਚ ਦਾ ਘੇਰਾ ਬਹੁਤ ਹੀ ਵੱਡਾ ਹੈ। ਇਸ ਅੰਕ 'ਚ ਬਹੁਤ ਹੀ ਤੱਥ-ਭਰਪੂਰ ਗੱਲਾਂ ਹਨ, ਜੋ ਸਾਡੇ ਜਿਹੇ ਕੰਪੀਟੀਸ਼ਨਸ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸਿੱਧ ਹੋਣਗੀਆਂ। ਮੈਂ ਤੁਹਾਨੂੰ ਅਤੇ ਤੁਹਾਡੀ ਪੂਰੀ ਟੀਮ ਤੇ ਕੇਂਦਰ ਸਰਕਾਰ ਨੂੰ ਬਹੁਤ-ਬਹੁਤ ਵਧਾਈ ਦਿੰਦਾ ਹਾਂ।
hvishwas.143@gmail.com

ਇਹ ਦੱਸਣ 'ਚ ਮੈਨੂੰ ਡਾਢੀ ਖ਼ੁਸ਼ੀ ਹੋ ਰਹੀ ਹੈ ਕਿ 'ਨਿਊ ਇੰਡੀਆ ਸਮਾਚਾਰ' ਦਾ ਤਾਜ਼ਾ ਅੰਕ ਮਿਲਿਆ, ਜੋ ਦੋ ਸਵਦੇਸ਼ੀ ਵੈਕਸੀਨਾਂ 'ਤੇ ਕੇਂਦ੍ਰਿਤ ਹੈ ਅਤੇ ਸਾਡੀ ਸਫ਼ਲਤਾ ਦੀ ਕਹਾਣੀ ਦੱਸਦਾ ਹੈ। ਸੱਚਮੁੱਚ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਮੈਡੀਕਲ ਦੇ ਖੇਤਰ ਵਿੱਚ ਵੀ ਆਤਮਨਿਰਭਰ ਹੋ ਗਏ ਹਾਂ ਤੇ ਸਾਡੇ ਵਿਗਿਆਨੀਆਂ ਨੇ ਸਾਡਾ ਸਿਰ ਹਿਮਾਲਿਆ ਤੋਂ ਵੀ ਉੱਚਾ ਕੀਤਾ ਹੈ। ਸਾਨੂੰ ਉਨ੍ਹਾਂ ਉੱਤੇ ਮਾਣ ਹੈ। ਹੁਣ ਦੇਸ਼ ਅਤੇ ਦੁਨੀਆ ਦੇ ਹਿਤ ਵਿੱਚ ਅੱਗੇ ਵਧਣਾ ਹੈ।
ਬਿਰਖ ਖੜਕਾ ਡੁਵਰਸੇਲੀ birkhakd@gmail.com

# ਨਵੇਂ ਰਾਜਪਥ 'ਤੇ ਮਨਾਇਆ ਜਾਵੇਗਾ ਅਗਲਾ ਗਣਤੰਤਰ ਦਿਵਸ

ਸਾਲ 2022 'ਚ ਜਦੋਂ ਭਾਰਤ ਆਪਣੀ ਆਜ਼ਾਦੀ ਦੇ 75ਵੇਂ ਸਾਲ 'ਚ ਪ੍ਰਵੇਸ਼ ਕਰੇਗਾ, ਤਾਂ ਇੱਕ ਹੋਰ ਪ੍ਰਾਪਤੀ ਇਸ ਨਾਲ ਜੁੜ ਜਾਵੇਗੀ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਮਨਾਇਆ ਜਾਣ ਵਾਲਾ ਗਣਤੰਤਰ ਦਿਵਸ ਸਮਾਰੋਹ ਸਾਲ 2022 'ਚ ਜਿਸ 'ਰਾਜਪਥ' ਉੱਤੇ ਮਨਾਇਆ ਜਾਵੇਗਾ, ਉਹ ਤਦ ਤੱਕ ਇੱਕ ਨਵੇਂ ਸਰੂਪ ਵਿੱਚ ਸਭ ਦੇ ਸਾਹਮਣੇ ਹੋਵੇਗਾ। 4 ਫਰਵਰੀ ਨੂੰ ਆਯੋਜਿਤ ਸੈਂਟਰਲ ਵਿਸਟਾ ਪ੍ਰੋਜੈਕਟ ਦੇ ਭੂਮੀ-ਪੂਜਨ ਸਮਾਰੋਹ 'ਚ ਕੇਂਦਰੀ ਆਵਾਸ ਤੇ ਸ਼ਹਿਰੀ ਮਾਮਲੇ ਰਾਜ ਮੰਤਰੀ (ਸੁਤੰਤਰ ਚਾਰਜ) ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਆਜ਼ਾਦੀ ਦੇ 75ਵੇਂ ਸਾਲ ਵਿੱਚ ਅਸੀਂ ਅੰਗਰੇਜ਼ਾਂ ਦੇ ਬਣਾਏ ਹੋਏ ਬੁਨਿਆਦੀ ਢਾਂਚੇ ਤੋਂ ਬਾਹਰ ਆ ਜਾਵਾਂਗੇ। 73ਵੇਂ ਗਣਤੰਤਰ ਦਿਵਸ ਸਮਾਰੋਹ ਦੀ ਪਰੇਡ ਜਿਸ ਰਾਜਪਥ ਉੱਤੇ ਹੋਵੇਗੀ, ਉਹ ਵੀ ਬਿਲਕੁਲ ਬਦਲੇ ਹੋਏ ਸਰੂਪ ਵਿੱਚ ਨਜ਼ਰ ਆਵੇਗਾ। ਸੈਂਟਰਲ ਵਿਸਟਾ ਪ੍ਰੋਜੈਕਟ ਦੇ ਤਹਿਤ ਰਾਜਪਥ ਤੇ ਇਸ ਦੇ ਆਸਪਾਸ ਦੇ ਇਲਾਕਿਆਂ ਵਿੱਚ ਹਰਿਤ ਖੇਤਰ ਨੂੰ ਵਧਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਇੱਥੇ ਜਨਤਕ ਸੁਵਿਧਾਵਾਂ, ਜਿਵੇਂ ਪਖਾਨੇ, ਸੀਵਰੇਜ, ਪੀਣ ਦੇ ਪਾਣੀ ਅਤੇ ਪਾਰਕਿੰਗ ਦਾ ਵਿਕਾਸ ਕੀਤਾ ਜਾ ਰਿਹਾ ਹੈ। ਰਾਜਪਥ ਉੱਤੇ ਅਸਥਾਈ ਸੀਟਾਂ ਦੀ ਥਾਂ ਹੁਣ ਫ਼ੋਲਡਿੰਗ ਸੀਟਾਂ ਲਗਾਈਆਂ ਜਾਣੀਆਂ ਹਨ।



# ਹਥਿਆਰਬੰਦ ਪੁਲਿਸ ਬਲਾਂ ਦੇ ਜਵਾਨਾਂ ਨੂੰ 'ਆਯੁਸ਼ਮਾਨ ਭਾਰਤ' ਦਾ ਲਾਭ




5 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਵਾਲੀ ਸਭ ਤੋਂ ਵੱਡੀ ਹੈਲਥਕੇਅਰ ਯੋਜਨਾ 'ਆਯੁਸ਼ਮਾਨ ਭਾਰਤ' ਦਾ ਲਾਭ ਹੁਣ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀਏਪੀਐੱਫ਼) ਨੂੰ ਵੀ ਮਿਲਣ ਜਾ ਰਿਹਾ ਹੈ। ਇਸ ਲਈ ਇਸ ਯੋਜਨਾ ਨੂੰ ਆਯੁਸ਼ਮਾਨ-ਸੀਏਪੀਐੱਫ਼ ਤੱਕ ਵਧਾਇਆ ਗਿਆ ਹੈ। 23 ਜਨਵਰੀ ਨੂੰ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 125ਵੀਂ ਜਯੰਤੀ ਮੌਕੇ ਗੁਵਾਹਾਟੀ 'ਚ ਆਯੋਜਿਤ ਪ੍ਰੋਗਰਾਮ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਦੀ ਸ਼ੁਰੂਆਤ ਕੀਤੀ। 1 ਮਈ ਤੱਕ ਆਯੁਸ਼ਮਾਨ-ਸੀਏਪੀਐੱਫ਼ ਦਾ ਲਾਭ ਸਾਰੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ਦੇ ਸਾਰੇ ਜਵਾਨਾਂ-ਅਧਿਕਾਰੀਆਂ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਮਿਲੇਗਾ। ਇਸ ਲਈ ਉਨ੍ਹਾਂ ਨੂੰ ਇੱਕ ਹੈਲਥ ਕਾਰਡ ਜਾਰੀ ਕੀਤਾ ਜਾਵੇਗਾ। ਦੇਸ਼ ਦੇ 24,000 ਹਸਪਤਾਲਾਂ 'ਚ ਇਹ ਕਾਰਡ ਸਵਾਈਪ ਕਰਕੇ ਮੁਫ਼ਤ ਇਲਾਜ ਦਾ ਲਾਭ ਲਿਆ ਜਾ ਸਕੇਗਾ। ਸਾਲ ਵਿੱਚ ਇੱਕ ਵਾਰ ਸਾਰੇ ਜਵਾਨਾਂ ਅਤੇ 3 ਸਾਲਾਂ ਵਿੱਚ ਇੱਕ ਵਾਰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਸਿਹਤ ਪਰੀਖਣ ਵੀ ਕੀਤਾ ਜਾਵੇਗਾ।

# ਦੁਰਲਭ ਬਿਮਾਰੀ ਨਾਲ ਜੂਝ ਰਹੀ ਬੱਚੀ ਦੀ ਦਵਾਈ 'ਤੇ 6 ਕਰੋੜ ਦੀ ਡਿਊਟੀ ਮਾਫ਼



9 ਫਰਵਰੀ ਨੂੰ ਰਾਜ ਸਭਾ 'ਚ ਕੁਝ ਸਾਂਸਦਾਂ ਦੀ ਵਿਦਾਈ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਜ਼ਬਾਤੀ ਹੁੰਦਿਆਂ ਤੁਸੀਂ ਦੇਖਿਆ ਹੋਵੇਗਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਭਾਵੁਕਤਾ ਦੀ ਇੱਕ ਹੋਰ ਮਿਸਾਲ ਸਾਹਮਣੇ ਆਈ ਹੈ। ਮੁੰਬਈ ਦੇ ਇੱਕ ਹਸਪਤਾਲ 'ਚ ਭਰਤੀ 5 ਮਹੀਨਿਆਂ ਦੀ ਤੀਰਾ ਕਾਮਤ ਦੇ ਮਾਤਾ-ਪਿਤਾ ਦੀ ਅਪੀਲ 'ਤੇ ਪ੍ਰਧਾਨ ਮੰਤਰੀ ਨੇ ਉਸ ਦੇ ਇਲਾਜ ਲਈ ਵਿਦੇਸ਼ ਤੋਂ ਮੰਗਵਾਈ ਜਾਣ ਵਾਲੀ ਦਵਾਈ ਉੱਤੇ ਲਗਣ ਵਾਲੀ 6 ਕਰੋੜ ਰੁਪਏ ਦੀ ਜੀਐੱਸਟੀ ਤੇ ਕਸਟਮ ਡਿਊਟੀ ਮਾਫ਼ ਕਰ ਦਿੱਤੀ। ਦਰਅਸਲ, ਤੀਰਾ ਨੂੰ 'ਸਪਾਈਨਲ ਮਸਕਿਊਲਰ ਐਟ੍ਰੌਫ਼ੀ' ਨਾਮ ਦੀ ਬਿਮਾਰੀ ਹੈ। ਇਸ ਦੇ ਇਲਾਜ ਲਈ 'ਜ਼ੋਲਜੈਂਸਮਾ' ਨਾਮੀ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦਵਾਈ ਦੀ ਕੀਮਤ ਭਾਰਤੀ ਕਰੰਸੀ ਵਿੱਚ 16 ਕਰੋੜ ਰੁਪਏ ਹੁੰਦੀ ਹੈ। ਦਵਾਈ ਭਾਰਤ ਲਿਆਉਣ ਲਈ 6 ਕਰੋੜ ਰੁਪਏ ਤੋਂ ਵੱਧ ਦੀ ਡਿਊਟੀ ਲਗ ਰਹੀ ਸੀ। ਉਸ ਦੇ ਮਾਤਾ-ਪਿਤਾ ਨੇ 1 ਫਰਵਰੀ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਹ ਮਾਫ਼ ਕਰਨ ਦੀ ਅਪੀਲ ਕੀਤੀ ਸੀ।

# ਨੌਜਵਾਨ ਲੇਖਕਾਂ ਲਈ ਨੈਸ਼ਨਲ ਬੁੱਕ ਟ੍ਰੱਸਟ ਦੀ ਮੈਂਟਰਸ਼ਿਪ ਸਕੀਮ

ਭਾਰਤ ਨੌਜਵਾਨ ਦੇਸ਼ ਹੈ। ਸਾਲ 2022 'ਚ ਜਦੋਂ ਅਸੀਂ ਆਪਣੀ ਆਜ਼ਾਦੀ ਦਾ 75ਵਾਂ ਸਾਲ ਮਨਾਉਣ ਜਾ ਰਹੇ ਹਾਂ, ਜ਼ਰੂਰੀ ਹੈ ਕਿ ਯੁਵਾ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਤੇ ਸੁਤੰਤਰਤਾ ਸੈਨਾਨੀਆਂ ਬਾਰੇ ਜਾਣੀਏ। ਇਹੋ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਪ੍ਰੋਗਰਾਮ 'ਮਨ ਕੀ ਬਾਤ' – 2.0 ਦੀ 20ਵੀਂ ਕੜੀ ਵਿੱਚ ਦੇਸ਼ ਦੇ ਨੌਜਵਾਨ ਲੇਖਕਾਂ ਨੂੰ ਸੁਤੰਤਰਤਾ ਸੈਨਾਨੀਆਂ ਤੇ ਆਜ਼ਾਦੀ ਨਾਲ ਜੁੜੀਆਂ ਘਟਨਾਵਾਂ ਬਾਰੇ ਲਿਖਣ ਦਾ ਸੱਦਾ ਦਿੱਤਾ ਸੀ। ਇਸੇ ਨੂੰ ਧਿਆਨ 'ਚ ਰੱਖ ਕੇ ਨੈਸ਼ਨਲ ਬੁੱਕ ਟ੍ਰੱਸਟ (ਐੱਨਬੀਟੀ) ਨੌਜਵਾਨ ਲੇਖਕਾਂ ਲਈ ਮੈਂਟਰਸ਼ਿਪ ਸਕੀਮ ਸ਼ੁਰੂ ਕਰ ਰਿਹਾ ਹੈ।

ਇਸ ਯੋਜਨਾ ਦੇ ਤਹਿਤ ਸਾਰੇ ਰਾਜਾਂ ਤੇ 22 ਭਾਸ਼ਾਵਾਂ ਦੇ ਨੌਜਵਾਨ ਲੇਖਕਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ। ਦੇਸ਼ ਵਿੱਚ ਵੱਡੀ ਗਿਣਤੀ 'ਚ ਅਜਿਹੇ ਲੇਖਕ ਤਿਆਰ ਹੋਣਗੇ, ਜਿਨ੍ਹਾਂ ਦਾ ਭਾਰਤੀ ਵਿਰਾਸਤ ਤੇ ਸੱਭਿਆਚਾਰ ਉੱਤੇ ਡੂੰਘਾ ਅਧਿਐਨ ਹੋਵੇਗਾ। ਯੋਜਨਾ ਦੇ ਤਹਿਤ ਪਹਿਲੇ ਬੈਚ ਦੀ ਸ਼ੁਰੂਆਤ 1 ਅਪ੍ਰੈਲ ਤੋਂ ਹੋਵੇਗੀ। ਟ੍ਰੇਨਿੰਗ ਦੀ ਮਿਆਦ 6 ਤੋਂ 9 ਮਹੀਨੇ ਤੱਕ ਹੋਵੇਗੀ। ਟ੍ਰੇਨੀਆਂ ਨੂੰ ਵਜ਼ੀਫ਼ਾ ਵੀ ਦਿੱਤਾ ਜਾਵੇਗਾ। ਇਹ ਪ੍ਰੋਗਰਾਮ ਵਿਸ਼ਵ ਪੱਧਰ ਉੱਤੇ ਭਾਰਤੀ ਸੱਭਿਆਚਾਰ ਤੇ ਸਾਹਿਤ ਨੂੰ ਪ੍ਰੋਜੈਕਟ ਕਰਨ ਵਿੱਚ ਮਦਦ ਕਰੇਗਾ। ਇਸ ਲਈ director@nbtindia.gov.in ਉੱਤੇ ਅਰਜ਼ੀ ਦੇਣੀ ਹੋਵੇਗੀ।

## 5 ਦਹਾਕਿਆਂ ਬਾਅਦ ਕੇਰਲ ਨੂੰ ਮਿਲਿਆ ਅਲੱਪੁਜ਼ਾ ਬਾਈਪਾਸ ਦਾ ਤੋਹਫ਼ਾ



'ਜਦੋਂ ਅਸੀਂ ਸੜਕ ਅਤੇ ਪੁਲ਼ ਬਣਾਉਂਦੇ ਹਾਂ, ਤਾਂ ਸਿਰਫ਼ ਨਗਰ ਤੇ ਪਿੰਡਾਂ ਨੂੰ ਹੀ ਨਹੀਂ ਜੋੜਦੇ। ਅਸੀਂ ਆਕਾਂਖਿਆਵਾਂ ਨਾਲ ਉਪਲਬਧੀ, ਆਸ ਦੇ ਮੌਕੇ ਅਤੇ ਉਮੀਦ ਨਾਲ ਖ਼ੁਸ਼ਹਾਲੀ ਨੂੰ ਜੋੜਦੇ ਹਾਂ।' ਕੇਰਲ 'ਚ ਲਗਭਗ ਸਾਲ ਕੁ ਪਹਿਲਾਂ ਆਯੋਜਿਤ ਇੱਕ ਪ੍ਰੋਗਰਾਮ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਆਖੇ ਗਏ ਇਨ੍ਹਾਂ ਸ਼ਬਦਾਂ ਦਾ ਮਹੱਤਵ ਅਲੱਪੁਜ਼ਾ ਦੇ ਲੋਕ ਅਸਾਨੀ ਨਾਲ ਸਮਝ ਸਕਦੇ ਹਨ। ਆਖ਼ਿਰ 5 ਦਹਾਕੇ ਦੀ ਲੰਬੀ ਉਡੀਕ ਤੋਂ ਬਾਅਦ ਉਨ੍ਹਾਂ ਨੂੰ ਅਲੱਪੁਜ਼ਾ ਬਾਈਪਾਸ ਦਾ ਤੋਹਫ਼ਾ ਮਿਲ ਗਿਆ ਹੈ। ਕੇਂਦਰੀ ਰੋਡ ਟਰਾਂਸਪੋਰਟ ਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਪਿੱਛੇ ਜਿਹੇ ਇਸ ਦੀ ਸ਼ੁਰੂਆਤ ਕੀਤੀ। ਤਿਰੂਵਨੰਤਪੁਰਮ – ਏਰਨਾਕੁਲਮ ਦੇ ਦਰਮਿਆਨ ਆਵਾਜਾਈ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਸਕੇਗਾ। ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਕੇਵਲ 6.8 ਕਿਲੋਮੀਟਰ ਲੰਬੇ ਅਲੱਪੁਜ਼ਾ ਬਾਈਪਾਸ ਨੂੰ ਬਣਾਉਣ ਦੀ ਸ਼ੁਰੂਆਤ 5 ਦਹਾਕੇ ਪਹਿਲਾਂ ਕੀਤੀ ਗਈ ਸੀ। ਇਸ ਦੇ ਕੰਮ ਵਿੱਚ ਤੇਜ਼ੀ ਆਈ 2017 'ਚ ਅਤੇ ਹੁਣ ਜਾ ਕੇ ਇਸ ਨੂੰ ਜਨਤਾ ਦੇ ਲਈ ਖੋਲ੍ਹ ਦਿੱਤਾ ਗਿਆ ਹੈ।

## ਬਿਜਲੀ ਖ਼ਰਚ ਵਿੱਚ 2030 ਤੱਕ ਯੂਰਪੀ ਯੂਨੀਅਨ ਨੂੰ ਪਿੱਛੇ ਛੱਡ ਦੇਵੇਗਾ ਭਾਰਤ

ਭਾਰਤ ਇੱਕ ਸੌਰ ਊਰਜਾ ਕ੍ਰਾਂਤੀ ਦੇ ਯੁਗ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਜੋ ਆਉਣ ਵਾਲੇ ਸਮੇਂ 'ਚ ਊਰਜਾ ਦੇ ਪ੍ਰਾਥਮਿਕ ਸਰੋਤ ਵਜੋਂ ਕੋਲੇ ਨੂੰ ਕਿਤੇ ਪਿਛਾਂਹ ਛੱਡ ਦੇਵੇਗਾ। ਅੰਤਰਰਾਸ਼ਟਰੀ ਊਰਜਾ ਏਜੰਸੀ ਵੱਲੋਂ ਜਾਰੀ ਭਾਰਤ ਊਰਜਾ ਪਰਿਦ੍ਰਿਸ਼–2021 ਨਾਮ ਦੀ



ਵਿਸ਼ੇਸ਼ ਰਿਪੋਰਟ ਅਨੁਸਾਰ ਹਾਲੇ ਭਾਰਤ ਦੀ ਕੁੱਲ ਬਿਜਲੀ ਸਪਲਾਈ 'ਚ ਸੌਰ ਊਰਜਾ ਦਾ ਹਿੱਸਾ ਕੇਵਲ 4% ਹੈ। ਲੇਕਿਨ 2040 ਤੱਕ ਇਹ ਅੰਕੜਾ 18–ਗੁਣਾ ਤੱਕ ਵਧ ਜਾਵੇਗਾ। ਇਹੀ ਨਹੀਂ, ਭਾਰਤ 2030 ਤੱਕ ਯੂਰਪੀ ਯੂਨੀਅਨ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਤੀਸਰਾ ਸਭ ਤੋਂ ਵੱਡਾ ਊਰਜਾ ਉਪਭੋਗਤਾ ਬਣੇਗਾ। ਇਸ ਵੇਲੇ ਚੀਨ, ਸੰਯੁਕਤ ਰਾਜ ਅਮਰੀਕਾ ਤੇ ਯੂਰਪੀ ਯੂਨੀਅਨ ਤੋਂ ਬਾਅਦ ਭਾਰਤ ਚੌਥਾ ਸਭ ਤੋਂ ਵੱਡਾ ਵਿਸ਼ਵ ਊਰਜਾ ਉਪਭੋਗਤਾ ਹੈ। ਰਿਪੋਰਟ ਅਨੁਸਾਰ 2019 ਤੋਂ 2040 ਤੱਕ ਵਿਸ਼ਵ ਊਰਜਾ ਮੰਗ ਵਿੱਚ ਵਾਧੇ ਦਾ ਲਗਭਗ ਇੱਕ–ਚੌਥਾਈ ਹਿੱਸਾ ਭਾਰਤ ਤੋਂ ਆਵੇਗਾ, ਜੋ ਕਿਸੇ ਵੀ ਦੂਸਰੇ ਦੇਸ਼ ਦੇ ਮੁਕਾਬਲੇ ਵੱਧ ਹੈ। ਗ਼ੌਰਤਲਬ ਹੈ ਕਿ ਦੇਸ਼ ਵਿੱਚ ਬਿਜਲੀ ਖਪਤ ਇਸ ਵਰ੍ਹੇ ਜਨਵਰੀ 'ਚ ਛੇ ਫੀਸਦੀ ਵਧ ਕੇ ਤਿੰਨ ਮਹੀਨੇ ਦੇ ਉੱਚਤਮ ਪੱਧਰ 111.43 ਅਰਬ ਯੂਨਿਟ ਉੱਤੇ ਪਹੁੰਚ ਗਈ। ਇਹ ਵਾਧਾ ਆਰਥਿਕ ਗਤੀਵਿਧੀਆਂ 'ਚ ਤੇਜ਼ੀ ਦਾ ਸੰਕੇਤ ਦਿੰਦਾ ਹੈ।

# ਇੱਛਾ-ਸ਼ਕਤੀ ਨਾਲ ਇਤਿਹਾਸ ਰਚਣ ਵਾਲੀਆਂ ਮਹਿਲਾਵਾਂ ਨੂੰ ਸਲਾਮ



**ਮਜ਼ਬੂਤ ਅਤੇ ਸਸ਼ਕਤ ਮਹਿਲਾਵਾਂ ਦੇਸ਼ ਦੀ ਤਾਕਤ ਹੁੰਦੀਆਂ ਹਨ ਅਤੇ ਸਾਡੀ ਨਾਰੀ ਸ਼ਕਤੀ ਨੇ ਹਰੇਕ ਖੇਤਰ ਵਿੱਚ ਸਰਬੋਤਮ ਪ੍ਰਦਰਸ਼ਨ ਕੀਤਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਅਸੀਂ ਕੁਝ ਅਜਿਹੀਆਂ ਸਸ਼ਕਤ ਮਹਿਲਾਵਾਂ ਨੂੰ ਯਾਦ ਕਰ ਰਹੇ ਹਾਂ, ਜਿਨ੍ਹਾਂ ਨੇ ਨਾ ਸਿਰਫ਼ ਆਪਣੇ ਅਥਾਹ ਹੌਸਲੇ ਦੇ ਦਮ 'ਤੇ ਖ਼ੁਦ ਨੂੰ ਮੁਸ਼ਕਿਲਾਂ ਤੋਂ ਪਾਰ ਲੰਘਾਇਆ ਬਲਕਿ ਇਤਿਹਾਸ ਵੀ ਰਚ ਦਿੱਤਾ**

ਹਰ ਸਾਲ 8 ਮਾਰਚ ਨੂੰ 'ਅੰਤਰਰਾਸ਼ਟਰੀ ਮਹਿਲਾ ਦਿਵਸ' ਮਨਾਇਆ ਜਾਂਦਾ ਹੈ। ਪਿਛਲੇ ਵਰ੍ਹੇ ਇਸ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣਾ ਟਵਿੱਟਰ ਹੈਂਡਲ ਵੀ ਸੱਤ ਮਹਿਲਾਵਾਂ ਨੂੰ ਸੌਂਪ ਦਿੱਤਾ ਸੀ। ਵਿਸ਼ੇਸ਼ ਉਪਲਬਧੀਆਂ ਹਾਸਲ ਕਰਨ ਵਾਲੀਆਂ ਦੇਸ਼ ਭਰ ਦੀਆਂ ਉਨ੍ਹਾਂ ਮਹਿਲਾਵਾਂ ਨੇ ਪ੍ਰਧਾਨ ਮੰਤਰੀ ਦੇ ਸੋਸ਼ਲ ਮੀਡੀਆ ਅਕਾਉਂਟਸ ਦੇ ਮਾਧਿਅਮ ਰਾਹੀਂ ਆਪਣੇ ਜੀਵਨ ਦੀ ਯਾਤਰਾ ਤੇ ਕਹਾਣੀਆਂ ਸੁਣਾਈਆਂ ਸਨ। ਇਸ ਵਰ੍ਹੇ ਦੇ ਥੀਮ ਦੀ ਤਰਜ਼ 'ਤੇ ਅਸੀਂ ਵਿਸ਼ੇਸ਼ ਉਪਲਬਧੀ ਹਾਸਲ ਕਰਨ ਵਾਲੀਆਂ ਮਹਿਲਾਵਾਂ ਨੂੰ ਯਾਦ ਕਰ ਰਹੇ ਹਾਂ...



## ਕੌਰਨੇਲੀਆ ਸੋਰਾਬਜੀ

ਕੌਰਨੇਲੀਆ ਸੋਰਾਬਜੀ ਨੂੰ ਭਾਰਤ ਦੀ ਪਹਿਲੀ ਮਹਿਲਾ ਵਕੀਲ ਹੋਣ ਦਾ ਮਾਣ ਹਾਸਲ ਹੈ। ਮੁੰਬਈ ਯੂਨੀਵਰਸਿਟੀ ਤੋਂ ਪਹਿਲੇ ਦਰਜੇ 'ਚ ਡਿਗਰੀ ਹਾਸਲ ਕਰਨ ਤੋਂ ਬਾਅਦ ਉਹ ਅਗਲੇਰੀ ਪੜ੍ਹਾਈ ਲਈ ਆਕਸਫ਼ੋਰਡ ਯੂਨੀਵਰਸਿਟੀ ਚਲੇ ਗਏ। ਉਹ ਆਕਸਫ਼ੋਰਡ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਵਾਲੀ ਪਹਿਲੀ ਮਹਿਲਾ ਬਣੇ। ਭਾਵੇਂ ਉਨ੍ਹਾਂ ਨੂੰ ਅੰਤਿਮ ਪਰੀਖਿਆ ਵੇਲੇ ਮਰਦਾਂ ਨਾਲ ਬੈਠ ਕੇ ਪਰੀਖਿਆ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਹ 1894 'ਚ ਭਾਰਤ ਪਰਤ ਆਏ ਤੇ ਇੱਕ ਲੰਬੇ ਸੰਘਰਸ਼ ਤੋਂ ਬਾਅਦ ਮਹਿਲਾਵਾਂ ਨੂੰ ਪਰਦੇ ਦੀ ਰੀਤ ਬਾਰੇ ਕਾਨੂੰਨੀ ਸਲਾਹ ਦੇਣ ਲਗੇ ਤੇ ਵਕੀਲ ਬਣ ਗਏ। ਉਨ੍ਹਾਂ ਨਾ ਸਿਰਫ਼ ਲਿੰਗਕ ਅਧਾਰ ਉੱਤੇ ਹੋਣ ਵਾਲੇ ਭੇਦਭਾਵ ਦਾ ਸਾਹਮਣਾ ਕੀਤਾ, ਬਲਕਿ ਉਸ ਵੇਲੇ ਵਕੀਲ ਬਣੇ, ਜਦੋਂ ਪੜ੍ਹਾਈ ਲਈ ਮਹਿਲਾਵਾਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਸੀ।



## ਆਨੰਦੀ ਗੋਪਾਲ ਜੋਸ਼ੀ

ਆਨੰਦੀ ਗੋਪਾਲ ਜੋਸ਼ੀ ਭਾਰਤ ਦੇ ਪਹਿਲੇ ਮਹਿਲਾ ਡਾਕਟਰ ਸਨ। ਉਚਿਤ ਦੇਖਭਾਲ ਦੀ ਘਾਟ ਕਾਰਨ ਆਪਣੇ 10 ਦਿਨਾਂ ਦੇ ਬੇਟੇ ਨੂੰ ਗੁਆਉਣ ਤੋਂ ਬਾਅਦ ਉਨ੍ਹਾਂ ਡਾਕਟਰ ਬਣਨ ਦਾ ਫ਼ੈਸਲਾ ਲਿਆ ਸੀ। ਦਰਅਸਲ, ਉਸ ਵੇਲੇ ਮਹਿਲਾਵਾਂ, ਮਰਦ ਡਾਕਟਰਾਂ ਤੋਂ ਸਲਾਹ ਨਹੀਂ ਲੈ ਸਕਦੀਆਂ ਸਨ। ਅਜਿਹੀ ਸਥਿਤੀ 'ਚ ਉਨ੍ਹਾਂ ਖ਼ੁਦ ਡਾਕਟਰ ਬਣਨ ਦਾ ਫ਼ੈਸਲਾ ਕੀਤਾ। ਫਿਰ ਉਹ ਆਪਣੇ ਪਤੀ ਦੇ ਸਹਿਯੋਗ ਨਾਲ ਪੜ੍ਹਨ ਅਮਰੀਕਾ ਚਲੇ ਗਏ। ਜਿਸ ਵੇਲੇ ਮਹਿਲਾਵਾਂ ਆਪਣੇ ਘਰਾਂ ਦੀ ਦਹਲੀਜ ਤੋਂ ਬਾਹਰ ਕਦਮ ਨਹੀਂ ਰੱਖਦੀਆਂ ਸਨ, ਉਸ ਵੇਲੇ ਉਹ ਪੜ੍ਹਾਈ ਲਈ ਇਕੱਲੇ ਬਾਹਰ ਗਏ ਤੇ ਇੱਕ ਮਿਸਾਲ ਪੇਸ਼ ਕੀਤੀ। ਇਹ ਉਨ੍ਹਾਂ ਦਾ ਦ੍ਰਿੜ੍ਹ ਸੰਕਲਪ ਹੀ ਸੀ, ਜਿਸ ਦੇ ਦਮ 'ਤੇ ਉਨ੍ਹਾਂ ਵਿਦੇਸ਼ ਤੋਂ 1885 'ਚ ਮੈਡੀਕਲ ਦੀ ਡਿਗਰੀ ਹਾਸਲ ਕੀਤੀ ਤੇ ਹੋਰ ਮਹਿਲਾਵਾਂ ਲਈ ਪ੍ਰੇਰਣਾ–ਸਰੋਤ ਬਣ ਗਏ।



## ਏ. ਲਲਿਤਾ

ਸਮਾਜ ਦੀਆਂ ਪੁਰਾਣੀਆਂ ਰੀਤਾਂ ਤੋੜਦਿਆਂ ਏ. ਲਲਿਤਾ ਭਾਰਤ ਦੇ ਪਹਿਲੀ ਮਹਿਲਾ ਇਲੈਕਟ੍ਰਿਕ ਇੰਜੀਨੀਅਰ ਬਣੇ ਸਨ। ਉਨ੍ਹਾਂ ਨੂੰ ਬਚਪਨ ਤੋਂ ਹੀ ਵਿਗਿਆਨ ਤੇ ਤਕਨੀਕ ਨਾਲ ਲਗਾਅ ਸੀ। ਬਹੁਤ ਘੱਟ ਉਮਰ 'ਚ ਹੀ ਪਤੀ ਦੀ ਮੌਤ ਤੋਂ ਬਾਅਦ ਉਨ੍ਹਾਂ ਸਮਾਜਿਕ ਰੂੜ੍ਹੀਆਂ ਤੋੜਦਿਆਂ ਇੰਜੀਨੀਅਰ ਬਣਨ ਦਾ ਫ਼ੈਸਲਾ ਲਿਆ ਸੀ। ਉਸ ਵੇਲੇ ਇਸ ਪੇਸ਼ੇ ਵਿੱਚ ਮਰਦਾਂ ਦਾ ਦਬਦਬਾ ਸੀ। ਉਨ੍ਹਾਂ ਨੂੰ 1964 'ਚ 'ਇੰਟਰਨੈਸ਼ਨਲ ਕਾਨਫ਼ਰੰਸ ਆਫ਼ ਵਿਮੈਨ ਇੰਜੀਨੀਅਰਜ਼ ਐਂਡ ਸਾਇੰਟਿਸਟ' 'ਚ ਭਾਰਤ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਹੈ।



## ਡਾ. ਮੁੱਥੁਲਕਸ਼ਮੀ ਰੈੱਡੀ

ਡਾ. ਮੁੱਥੁਲਕਸ਼ਮੀ ਰੈੱਡੀ ਭਾਰਤ ਦੀ ਪਹਿਲੀ ਮਹਿਲਾ ਵਿਧਾਇਕਾ ਸਨ। ਬ੍ਰਿਟਿਸ਼ ਸ਼ਾਸਨ ਕਾਲ 'ਚ 1926 ਵਿੱਚ ਉਹ ਮਦਰਾਸ ਲੈਜਿਸਲੇਟਿਵ ਕੌਂਸਲ ਦੀ ਪਹਿਲੀ ਮਹਿਲਾ ਮੈਂਬਰ ਬਣੀ। ਨਾਲ ਹੀ 1912 'ਚ ਉਹ ਭਾਰਤ ਤੋਂ ਮੈਡੀਕਲ ਦੀ ਪੜ੍ਹਾਈ ਕਰਨ ਵਾਲੀ ਪਹਿਲੀ ਮਹਿਲਾ ਬਣੀ। ਉਹ ਐਨੀ ਬੇਸੈਂਟ ਅਤੇ ਮਹਾਤਮਾ ਗਾਂਧੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ ਤੇ ਉਨ੍ਹਾਂ ਮਹਿਲਾਵਾਂ ਦੀ ਪ੍ਰਗਤੀ ਲਈ ਆਪਣਾ ਜੀਵਨ ਨਿਛਾਵਰ ਕਰਨ ਦਾ ਫ਼ੈਸਲਾ ਲਿਆ। ਉਨ੍ਹਾਂ ਅਜਿਹੇ ਵੇਲੇ ਮਹਿਲਾਵਾਂ ਦੀ ਭਲਾਈ ਲਈ ਕੰਮ ਕੀਤਾ, ਜਦੋਂ ਮਹਿਲਾਵਾਂ ਨੂੰ ਜਨਤਕ ਸਥਾਨਾਂ ਉੱਤੇ ਮੁਸ਼ਕਿਲ ਨਾਲ ਦੇਖਿਆ ਜਾਂਦਾ ਸੀ।



## ਸਰਲਾ ਠਕਰਾਲ

ਸਰਲਾ ਠਕਰਾਲ ਭਾਰਤ ਦੀ ਪਹਿਲੀ ਮਹਿਲਾ ਪਾਇਲਟ ਸਨ। ਉਨ੍ਹਾਂ ਉਸ ਵੇਲੇ ਪਾਇਲਟ ਬਣਨ ਦਾ ਫ਼ੈਸਲਾ ਲਿਆ, ਜਦੋਂ ਮਹਿਲਾਵਾਂ ਅਜਿਹਾ ਕੰਮ ਕਰਨ ਦਾ ਸੁਪਨਾ ਵੀ ਨਹੀਂ ਦੇਖਦੀਆਂ ਸਨ। 1936 'ਚ ਉਨ੍ਹਾਂ ਨੂੰ ਜਦੋਂ ਪਾਇਲਟ ਦਾ ਲਾਇਸੈਂਸ ਮਿਲਿਆ, ਉਹ ਤਦ ਸਿਰਫ਼ 21 ਸਾਲ ਦੇ ਸਨ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ ਕਿ ਇੱਕ ਬੱਚੇ ਦੀ ਮਾਂ ਨੇ ਸਾੜੀ ਪਾ ਕੇ ਜਿਪਸੀ ਮੌਥ ਨਾਮ ਦਾ ਜਹਾਜ਼ ਉਡਾਇਆ! ਉਨ੍ਹਾਂ ਇੱਕ ਹਜ਼ਾਰ ਘੰਟੇ ਦੀ ਉਡਾਣ ਭਰੀ ਸੀ ਤੇ ਉਹ ਭਾਰਤ ਦੀ ਪਹਿਲੀ ਮਹਿਲਾ ਹਨ, ਜਿਨ੍ਹਾਂ ਨੂੰ 'ਏ' ਸ਼੍ਰੇਣੀ ਦਾ ਲਾਇਸੈਂਸ ਮਿਲਿਆ ਸੀ। ਇਸ ਤਰ੍ਹਾਂ ਉਹ ਇੱਕ ਅਜਿਹੀ ਮਹਿਲਾ ਬਣੀ, ਜਿਨ੍ਹਾਂ ਦੇ ਪਦ-ਚਿੰਨ੍ਹਾਂ ਉੱਤੇ ਚਲਣ ਲਈ ਹੋਰ ਮਹਿਲਾਵਾਂ ਪ੍ਰੇਰਿਤ ਹੋਈਆਂ।



## ਐਨਾ ਚਾਂਡੀ

ਐਨਾ ਚਾਂਡੀ ਭਾਰਤ ਦੀ ਪਹਿਲੀ ਮਹਿਲਾ ਜੱਜ ਹਨ, ਜਿਨ੍ਹਾਂ ਨੂੰ ਹਾਈ ਕੋਰਟ ਵਿੱਚ ਵੀ ਦੇਸ਼ ਦੀ ਪਹਿਲੀ ਮਹਿਲਾ ਜੱਜ ਹੋਣ ਦਾ ਮਾਣ ਹਾਸਲ ਹੈ। ਸਾਰੀਆਂ ਚੁਣੌਤੀਆਂ ਤੇ ਲਿੰਗਕ ਭੇਦਭਾਵ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ 1926 'ਚ ਕਾਨੂੰਨ ਵਿੱਚ ਪੋਸਟ-ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕੀਤੀ ਤੇ ਆਪਣੇ ਰਾਜ ਵਿੱਚ ਇਹ ਉਪਲਬਧੀ ਹਾਸਲ ਕਰਨ ਵਾਲੀ ਪਹਿਲੀ ਮਹਿਲਾ ਵੀ ਬਣੇ। 1937 'ਚ ਉਹ ਤ੍ਰਾਵਣਕੋਰ 'ਚ ਮੁਨਸਿਫ਼ ਨਿਯੁਕਤ ਕੀਤੇ ਗਏ। ਇਸ ਤਰ੍ਹਾਂ ਉਹ ਦੇਸ਼ ਦੇ ਪਹਿਲੇ ਮਹਿਲਾ ਜੱਜ ਬਣੇ। 1959 ਵਿੱਚ ਕੇਰਲ ਹਾਈ ਕੋਰਟ 'ਚ ਨਿਯੁਕਤੀ ਤੋਂ ਬਾਅਦ ਇੱਕ ਹੋਰ ਮਿਸਾਲ ਪੇਸ਼ ਕਰਦੇ ਹੋਏ ਉਹ ਹਾਈ ਕੋਰਟ 'ਚ ਜੱਜ ਬਣਨ ਵਾਲੀ ਪਹਿਲੀ ਮਹਿਲਾ ਵੀ ਬਣੀ।



## ਪ੍ਰਿਯਾ ਝਿੰਗਨ

ਪ੍ਰਿਯਾ ਝਿੰਗਨ ਕੈਡਿਟ 001 ਸਨ। ਉਹ ਸਤੰਬਰ 1992 'ਚ ਭਾਰਤੀ ਸੈਨਾ 'ਚ ਸ਼ਾਮਲ ਹੋਣ ਵਾਲੀ ਪਹਿਲੀ ਮਹਿਲਾ ਕੈਡਿਟ ਸਨ। ਉਹ ਇੱਕ ਪੁਲਿਸ ਅਧਿਕਾਰੀ ਦੀ ਧੀ ਸਨ ਲੇਕਿਨ ਉਨ੍ਹਾਂ ਸੈਨਾ 'ਚ ਕੰਮ ਕਰਨ ਨੂੰ ਤਰਜੀਹ ਦਿੱਤੀ। ਜਦੋਂ ਸੈਨਾ ਵਿੱਚ ਮਹਿਲਾਵਾਂ ਲਈ ਦਰ ਖੁੱਲ੍ਹੇ, ਤਦ ਪ੍ਰਿਯਾ ਤੇ 24 ਹੋਰਨਾਂ ਨੂੰ ਸੈਨਾ ਵਿੱਚ ਪਹਿਲੀ ਮਹਿਲਾ ਅਧਿਕਾਰੀ ਹੋਣ ਦਾ ਮਾਣ ਹਾਸਲ ਹੋਇਆ। ਕਾਨੂੰਨ ਦੀ ਪੜ੍ਹਾਈ ਕਰਨ ਵਾਲੇ ਪ੍ਰਿਯਾ ਨੂੰ ਕੋਰ ਆਫ਼ ਜੱਜ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ। ਉੱਥੇ ਉਨ੍ਹਾਂ ਨੇ 10 ਸਾਲ ਕੰਮ ਕੀਤਾ। ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 2018 'ਚ ਉਨ੍ਹਾਂ ਨੂੰ ਸਨਮਾਨਿਤ ਕੀਤਾ ਸੀ।



## ਅੰਨਾ ਰਾਜਮ ਮਲਹੋਤਰਾ

ਭਾਰਤ ਦੀ ਆਜ਼ਾਦੀ ਦੇ ਬਾਅਦ ਪਹਿਲੀ ਮਹਿਲਾ ਆਈਏਐੱਸ ਬਣ ਕੇ ਅੰਨਾ ਰਾਜਮ ਮਲਹੋਤਰਾ ਨੇ ਇਤਿਹਾਸ ਰਚਿਆ ਸੀ। ਕੇਰਲ ਦੇ ਰਹਿਣ ਵਾਲੇ ਅੰਨਾ 1951 'ਚ ਸਿਵਲ ਸੇਵਾ ਵਿੱਚ ਆਏ ਸਨ। ਭਾਵੇਂ ਪਰੀਖਿਆ 'ਚ ਪਾਸ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਆਈਏਐੱਸ ਵਜੋਂ ਨਿਯੁਕਤੀ ਲਈ ਸੰਘਰਸ਼ ਕਰਨਾ ਪਿਆ। ਉਨ੍ਹਾਂ ਨੂੰ ਦੂਜੀਆਂ ਸੇਵਾਵਾਂ 'ਚ ਜਾਣ ਦਾ ਪ੍ਰਸਤਾਵ ਦਿੱਤਾ ਗਿਆ। ਹਾਲਾਂਕਿ, ਉਹ ਆਪਣੇ ਸਟੈਂਡ 'ਤੇ ਕਾਇਮ ਰਹੇ। ਆਖ਼ਿਰ ਉਨ੍ਹਾਂ ਦੀ ਕੋਸ਼ਿਸ਼ ਰੰਗ ਲਿਆਈ ਤੇ ਮਦਰਾਸ 'ਚ ਉਨ੍ਹਾਂ ਦੀ ਪਹਿਲੀ ਨਿਯੁਕਤੀ ਹੋਈ। ਉਨ੍ਹਾਂ ਨੇ ਲਿੰਗਕ ਭੇਦਭਾਵ ਦਾ ਡਟ ਕੇ ਸਾਹਮਣਾ ਕੀਤਾ ਤੇ ਹੋਰ ਮਹਿਲਾਵਾਂ ਲਈ ਮਿਸਾਲ ਪੇਸ਼ ਕੀਤੀ।

# ਤਮਿਲ ਨਾਡੂ ਨੂੰ 6 ਸਾਲ ’ਚ 50 ਹਜ਼ਾਰ ਕਰੋੜ ਰੁਪਏ ਦੇ ਤੇਲ-ਗੈਸ ਪ੍ਰੋਜੈਕਟਾਂ ਦਾ ਤੋਹਫ਼ਾ

**ਤਮਿਲ ਨਾਡੂ ਹੋਵੇ ਜਾਂ ਕੇਰਲ, ਆਤਮਨਿਰਭਰਤਾ ਦੇ ਆਮ ਬਜਟ ’ਚ ਕੇਂਦਰ ਸਰਕਾਰ ਨੇ ਤਟਵਰਤੀ ਖੇਤਰਾਂ ਦੇ ਵਿਕਾਸ ਉੱਤੇ ਚੋਖਾ ਜ਼ੋਰ ਦਿੱਤਾ ਹੈ। ਇਸ ਕੜੀ ’ਚ ਪ੍ਰਧਾਨ ਮੰਤਰੀ ਨੇ 14 ਫਰਵਰੀ ਨੂੰ ਦੱਖਣੀ ਭਾਰਤ ਦੇ ਦੋ ਰਾਜਾਂ – ਤਮਿਲ ਨਾਡੂ ਅਤੇ ਕੇਰਲ ਦਾ ਦੌਰਾ ਕਰਕੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ। ਪਿਛਲੇ ਛੇ ਸਾਲਾਂ ’ਚ, ਤਮਿਲ ਨਾਡੂ ’ਚ ਤੇਲ ਤੇ ਗੈਸ ਪ੍ਰੋਜੈਕਟਾਂ ਲਈ 50,000 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ, ਜਦਕਿ ਇਸੇ ਸਮੇਂ ਦੌਰਾਨ, 2014 ਤੋਂ ਪ੍ਰਵਾਨਿਤ 9100 ਕਰੋੜ ਰੁਪਏ ਤੋਂ ਵੱਧ ਦੇ ਪ੍ਰੋਜੈਕਟ ਪੂਰੇ ਹੋਏ ਸਨ...**

ਟੂਰਿਜ਼ਮ ਤੇ ਸੱਭਿਆਚਾਰ ਨੂੰ ਹੁਲਾਰਾ ਦੇਣ ਤੇ ਤਟਵਰਤੀ ਖੇਤਰਾਂ ਦੇ ਸੰਪੂਰਨ ਵਿਕਾਸ ਲਈ ਪ੍ਰਤੀਬੱਧ ਕੇਂਦਰ ਸਰਕਾਰ ਨੇ ਤਮਿਲ ਨਾਡੂ ਤੇ ਕੇਰਲ ’ਚ ਕਈ ਯੋਜਨਾਵਾਂ ਦੀ ਸ਼ੁਰੂਆਤ ਕੀਤੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 14 ਫਰਵਰੀ ਨੂੰ ਇਨ੍ਹਾਂ ਦੋਵੇਂ ਰਾਜਾਂ ’ਚ ਕਈ ਪ੍ਰੋਜੈਕਟ ਰਾਸ਼ਟਰ ਨੂੰ ਸਮਰਪਿਤ ਕੀਤੇ।

## ਤਮਿਲ ਨਾਡੂ ’ਚ ਇਨ੍ਹਾਂ ਪ੍ਰੋਜੈਕਟਾਂ ਦੀ ਹੋਈ ਸ਼ੁਰੂਆਤ

- ਚੇਨਈ ਮੈਟਰੋ ਫ਼ੇਜ਼–1 ਐਕਸਟੈਂਸ਼ਨ ਦਾ ਉਦਘਾਟਨ
- 293.40 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ 22.2 ਕਿਲੋਮੀਟਰ ਦਾ ਚੇਨਈ ਤਟ ਤੇ ਅੱਟੀਪੱਟੂ ਦੇ ਵਿਚਕਾਰ ਚੌਥੀ ਰੇਲਵੇ ਲਾਈਨ ਦਾ ਉਦਘਾਟਨ। ਇਸ ਨਾਲ ਚੇਨਈ ਬੰਦਰਗਾਹ ਤੇ ਉਸ ਦੇ ਆਸਪਾਸ ਦਾ ਟ੍ਰੈਫਿਕ ਅਸਾਨ ਹੋਵੇਗੀ।
- ਵਾਸ਼ਰਮੇਨਪੇਟ ਤੋਂ ਵਿਮਕੋ ਨਗਰ ਤੱਕ ਯਾਤਰੀ ਸੇਵਾ ਦੀ ਸ਼ੁਰੂਆਤ। ਚੇਨਈ ਮੈਟਰੋ ਦਾ 9.05 ਕਿਲੋਮੀਟਰ ਲੰਬਾ ਇਹ ਐਕਸਟੈਂਸ਼ਨ ਨੌਰਥ ਚੇਨਈ ਨੂੰ ਹਵਾਈ ਅੱਡੇ ਅਤੇ ਸੈਂਟਰਲ ਰੇਲਵੇ ਸਟੇਸ਼ਨ ਨਾਲ ਜੋੜੇਗਾ।
- ਵਿੱਲੁਪੁਰਮ–ਕੁੱਡਾਲੋਰ–ਮਯਿਲਾਦੁਥੁਰੀਈ–ਥੰਜਾਵੁਰ ਅਤੇ ਮਥਿਲਾਦੁਥਰਈ–ਥਿਰੂਵਰ ’ਚ 423 ਕਰੋੜ ਰੁਪਏ ਦੀ ਲਾਗਤ ਨਾਲ 228 ਕਿਲੋਮੀਟਰ ਲੰਬੇ ਸਿੰਗਲ ਲਾਈਨ ਸੈਕਸ਼ਨ ਦੇ ਬਿਜਲੀਕਰਣ ਨਾਲ ਰੋਜ਼ਾਨਾ ਲਗਭਗ 14.61 ਲੱਖ ਰੁਪਏ ਦੇ ਈਂਧਣ ਦੀ ਹੋਵੇਗੀ ਬੱਚਤ।
- ਗ੍ਰੈਂਡ ਐਨੀਕਟ ਨਹਿਰ ਪ੍ਰਣਾਲੀ ਦਾ ਵਿਸਤਾਰ। ਇਸ ਦਾ ਆਧੁਨਿਕੀਕਰਣ 2640 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗਾ।
- ਆਈਆਈਟੀ ਮਦਰਾਸ ਦੇ ਡਿਸਕਵਰੀ ਕੈਂਪਸ ਦਾ ਨੀਂਹ–ਪੱਥਰ।

## ਰਾਸ਼ਟਰ ਦੀ ਰੱਖਿਆ ’ਚ ਹੁਣ ਇੱਕ ਹੋਰ ਸਵਦੇਸ਼ੀ ਜੋਧਾ- ‘ਅਰਜੁਨ’

ਹੁਣ ਦੇਸ਼ ’ਚ ਹੀ ਵਿਕਸਿਤ ਜੰਗੀ ਟੈਂਕ ਅਰਜੁਨ ਮਾਰਕ 1ਏ ਭਾਰਤੀ ਸੈਨਾ ਦੀ ਨਵੀਂ ਤਾਕਤ ਬਣੇਗਾ। ਤਮਿਲ ਨਾਡੂ ਦੌਰੇ ’ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖ਼ੁਦ ਇਹ ਸੈਨਾ ਨੂੰ ਸੌਂਪਿਆ। ਪ੍ਰਧਾਨ ਮੰਤਰੀ ਨੇ ਇਸ ਨੂੰ ਰੱਖਿਆ ਖੇਤਰ ਵਿੱਚ ਦੇਸ਼ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਦੱਸਿਆ।




**“ਤਮਿਲ ਨਾਡੂ ਦੇ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਅਤੇ ਉਤਸਵ ਮਨਾਉਣ ਦੀ ਦਿਸ਼ਾ ’ਚ ਕੰਮ ਕਰਨਾ ਸਾਡੇ ਲਈ ਸਨਮਾਨ ਦੀ ਗੱਲ ਹੈ, ਤਮਿਲ ਨਾਡੂ ਦਾ ਸੱਭਿਆਚਾਰ ਵਿਸ਼ਵ ਪੱਧਰ ’ਤੇ ਬਹੁਤ ਮਕਬੂਲ ਹੈ।**

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਕੇਰਲ ’ਚ ਹੋਈ ਇਨ੍ਹਾਂ ਪ੍ਰੋਜੈਕਟਾਂ ਦੀ ਸ਼ੁਰੂਆਤ

- ਲਗਭਗ 6 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਬਣੇ ਬੀਪੀਸੀਐੱਲ ਦੇ ਪ੍ਰੌਪਿਲਨ ਡੈਰੀਵੇਟਿਵ ਪੈਟਰੋ ਕੈਮੀਕਲ ਪ੍ਰੋਜੈਕਟ ਦੀ ਸ਼ੁਰੂਆਤ। ਇਸ ਨਾਲ 4,000 ਕਰੋੜ ਰੁਪਏ ਤੱਕ ਦੀ ਵਿਦੇਸ਼ੀ ਕਰੰਸੀ ਦੀ ਬੱਚਤ ਹੋਵੇਗੀ।
- ਕੋਚੀਨ ਦੇ ਵਿਲਿੰਗਡਨ ਟਾਪੂ ’ਤੇ ਰੋ–ਰੋ ਜਹਾਜ਼ ਦਾ ਉਦਘਾਟਨ। ਕੋਚੀਨ ਬੰਦਰਗਾਹ ਉੱਤੇ ਅੰਤਰਰਾਸ਼ਟਰੀ ਕਰੂਜ਼ ਟਰਮੀਨਲ – ਸਾਗਰਿਕਾ ਦੀ ਸ਼ੁਰੂਆਤ।
- ਸਮੁੰਦਰੀ ਇੰਜੀਨੀਅਰਿੰਗ ਟ੍ਰੇਨਿੰਗ ਸੰਸਥਾਨ, ਵਿਗਿਆਨ ਸਾਗਰ, ਕੋਚੀਨ ਸ਼ਿਪਯਾਰਡ ਲਿਮਿਟਿਡ ਦਾ ਉਦਘਾਟਨ। 27.5 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਸਮੁੰਦਰੀ ਜਹਾਜ਼ ਦੇ ਅੰਦਰ ਕੰਮ ਕਰਨ ਵਾਲੇ ਭਾਰਤ ਦੇ ਇਕਲੌਤੇ ਸਮੁੰਦਰੀ ਸੰਸਥਾਨ ’ਚ 114 ਗ੍ਰੈਜੂਏਟਸ ਦੇ ਦਾਖ਼ਲੇ ਦੀ ਸਮਰੱਥਾ ਹੈ। ●

**ਕੇਰਲ ਅਤੇ ਤਮਿਲ ਨਾਡੂ ’ਚ ਆਯੋਜਿਤ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ।**

# ਜਿਨ੍ਹਾਂ ਦੀ ਮਿਹਨਤ ਦੇਸ਼ ਦਾ ਆਧਾਰ ਉਨ੍ਹਾਂ ਦੀ ਪੈਨਸ਼ਨ ਦਾ ਸੁਪਨਾ ਸਾਕਾਰ

**ਦੇਸ਼ ਦੇ ਕਰੋੜਾਂ ਗ਼ਰੀਬਾਂ ਦੇ ਮਨ 'ਚ ਇਹ ਸੁਆਲ ਰਹਿੰਦਾ ਹੈ ਕਿ ਜਦੋਂ ਤੱਕ ਹੱਥ-ਪੈਰ ਚਲਦੇ ਹਨ, ਤਦ ਤੱਕ ਤਾਂ ਕੰਮ ਵੀ ਮਿਲ ਜਾਵੇਗਾ, ਥੋੜ੍ਹਾ-ਬਹੁਤ ਪੈਸਾ ਵੀ ਮਿਲੇਗਾ, ਲੇਕਿਨ ਜਦੋਂ ਸਰੀਰ ਕਮਜ਼ੋਰ ਹੋ ਜਾਵੇਗਾ, ਤਦ ਕੀ ਹੋਵੇਗਾ? ਇਹੀ ਉਹ ਗੱਲ ਸੀ, ਜਿਸ ਨੇ ਇਸ ਸਰਕਾਰ ਨੂੰ ਪ੍ਰਧਾਨ ਮੰਤਰੀ ਸ਼੍ਰਮਯੋਗੀ ਮਾਨਧਨ ਯੋਜਨਾ ਲਈ ਪ੍ਰੇਰਿਤ ਕੀਤਾ।**







ਆਜ਼ਾਦੀ ਦੇ ਬਾਅਦ ਦੇ ਸਮਾਜ ਦਾ ਇੱਕ ਵਰਗ ਹਾਸ਼ੀਏ 'ਤੇ ਛੱਡ ਦਿੱਤਾ ਗਿਆ। ਉਸ ਬਾਰੇ ਕਦੇ ਸੋਚਿਆ ਹੀ ਨਹੀਂ ਗਿਆ। ਇਹ ਪਹਿਲੀ ਵਾਰ ਹੈ ਕਿ ਉਸੇ ਵਰਗ ਨੂੰ ਧਿਆਨ 'ਚ ਰੱਖ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 5 ਮਾਰਚ, 2019 ਨੂੰ ਅਹਿਮਦਾਬਾਦ 'ਚ ਰਸਮੀ ਤੌਰ 'ਤੇ ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨਧਨ ਯੋਜਨਾ ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨਧਨ ਯੋਜਨਾ ਕਾਮਿਆਂ ਲਈ ਇੱਕ ਪੈਨਸ਼ਨ ਯੋਜਨਾ ਹੈ, ਜਿਸ ਨੂੰ ਗ਼ੈਰ–ਸੰਗਠਿਤ ਖੇਤਰ ਦੇ ਲਗਭਗ 42 ਕਰੋੜ ਕਾਮਿਆਂ ਲਈ ਸ਼ੁਰੂ ਕੀਤਾ ਗਿਆ ਹੈ। ਪੈਨਸ਼ਨ 'ਚ ਮਿਲਣ ਵਾਲੀ ਰਾਸ਼ੀ ਨਾਲ ਲਾਭਾਰਥੀ ਬਿਰਧ–ਅਵਸਥਾ 'ਚ ਜੀਵਨ ਬਤੀਤ ਕਰ ਸਕਣਗੇ ਤੇ ਆਪਣੀਆਂ ਆਰਥਿਕ ਜ਼ਰੂਰਤਾਂ ਪੂਰੀਆਂ ਕਰ ਸਕਣਗੇ। ਗ਼ੈਰ–ਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਕਾਮੇ ਦੇਸ਼ ਦੇ ਕੁੱਲ ਕਿਰਤ ਬਲ ਦਾ ਲਗਭਗ 85 ਫੀਸਦੀ ਹਨ ਤੇ ਭਾਰਤ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਅੱਧਾ ਹਿੱਸਾ ਗ਼ੈਰ–ਸੰਗਠਿਤ ਖੇਤਰ ਦੇ ਕਾਮਿਆਂ ਦੇ ਪਸੀਨੇ

> **"ਮੈਂ ਦੇਸ਼ ਦੇ ਤਮਾਮ ਪਰਿਵਾਰਾਂ ਨੂੰ ਵੀ ਅੱਜ ਤਾਕੀਦ ਕਰਾਂਗਾ ਕਿ ਤੁਸੀਂ ਵੀ ਆਪਣੇ ਘਰ 'ਚ ਕੰਮ ਕਰਨ ਵਾਲੇ ਸਾਥੀਆਂ ਨੂੰ 'ਪੀਐੱਮ ਸ਼੍ਰਮਯੋਗੀ ਮਾਨਧਨ ਯੋਜਨਾ' ਨਾਲ ਜੋੜਨ 'ਚ ਮਦਦ ਕਰੋ। ਉੱਚ ਆਮਦਨ ਵਰਗ ਦੇ ਲੋਕਾਂ ਦੇ ਇਸ ਕੰਮ ਨਾਲ ਗ਼ਰੀਬਾਂ ਨੂੰ ਬਹੁਤ ਲਾਭ ਮਿਲੇਗਾ। ਜੋ ਤੁਹਾਡੀ ਸੇਵਾ 'ਚ ਲਗੇ ਹੋਏ ਹਨ, ਉਨ੍ਹਾਂ ਪ੍ਰਤੀ ਤੁਹਾਡਾ ਇਹ ਯੋਗਦਾਨ ਰਾਸ਼ਟਰ ਨੂੰ ਹੋਰ ਸ਼ਕਤੀ ਦੇਵੇਗਾ' - ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਅਤੇ ਸਖ਼ਤ ਮਿਹਨਤ ਨਾਲ ਹੀ ਆਉਂਦਾ ਹੈ। ਇਸ ਯੋਜਨਾ ਦਾ ਉਦੇਸ਼ ਗ਼ੈਰ-ਸੰਗਠਿਤ ਖੇਤਰ ਦੇ ਕਿਰਤੀਆਂ ਨੂੰ ਬਿਰਧ-ਅਵਸਥਾ ਦੌਰਾਨ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਹੈ। ਗ਼ੈਰ-ਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਕਾਮਿਆਂ ਵਿੱਚ ਘਰਾਂ 'ਚ ਕੰਮ ਕਰਨ ਵਾਲੇ ਸਹਾਇਕ, ਛੋਟੇ ਤੇ ਸੀਮਾਂਤ ਕਿਸਾਨ, ਬੇਜ਼ਮੀਨੇ ਖੇਤ ਮਜ਼ਦੂਰ, ਮਛੇਰੇ, ਪਸ਼ੂ-ਪਾਲਕ, ਬੁਣਕਰ, ਸਫ਼ਾਈ ਕਰਮਚਾਰੀ, ਸਬਜ਼ੀ ਤੇ ਫਲ-ਵਿਕ੍ਰੇਤਾ, ਪ੍ਰਵਾਸੀ ਮਜ਼ਦੂਰ, ਸਟ੍ਰੀਟ ਵੈਂਡਰ, ਇੱਟ-ਭੱਠਾ ਮਜ਼ਦੂਰ, ਨਿਰਮਾਣ ਕਾਮੇ, ਮੋਚੀ, ਧੋਬੀ, ਰਿਕਸ਼ਾ ਚਾਲਕ, ਬੀੜੀ ਤੇ ਹੱਥਖੱਡੀ ਕਾਮਿਆਂ ਸਮੇਤ ਇਸੇ ਤਰ੍ਹਾਂ ਦੇ ਹੋਰ ਕੰਮ ਕਰਨ ਵਾਲੇ ਕਾਮੇ ਸ਼ਾਮਲ ਹਨ। ਇਸ ਯੋਜਨਾ ਦੇ ਜ਼ਰੀਏ ਸਰਕਾਰ ਨੇ ਕਾਮਿਆਂ ਨੂੰ ਇੱਕ ਨਵਾਂ ਨਾਮ 'ਸ਼੍ਰਮਯੋਗੀ' ਵੀ ਦਿੱਤਾ।

ਇਹ ਯੋਜਨਾ ਉਨ੍ਹਾਂ ਕਾਮਿਆਂ ਲਈ ਹੈ, ਜਿਨ੍ਹਾਂ ਦੀ ਮਾਸਿਕ ਆਮਦਨ 15,000 ਰੁਪਏ ਜਾਂ ਇਸ ਤੋਂ ਘੱਟ ਹੈ ਅਤੇ ਜਿਨ੍ਹਾਂ ਦਾ ਆਧਾਰ ਕਾਰਡ ਬਣਿਆ ਹੋਇਆ ਹੈ ਤੇ ਬੈਂਕ ਵਿੱਚ ਖਾਤਾ ਹੈ। ਯੋਜਨਾ 'ਚ ਸ਼ਾਮਲ ਹੋਣ ਲਈ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ 40 ਸਾਲ ਹੈ।

- ਇਹ ਇੱਕ ਸਵੈ-ਇੱਛੁਕ ਅਤੇ ਅੰਸ਼ਦਾਨ ਅਧਾਰਿਤ ਯੋਜਨਾ ਹੈ। ਇਸ ਦੇ ਤਹਿਤ ਲਾਭਾਰਥੀ ਨੂੰ 60 ਸਾਲ ਪੂਰੇ ਹੋਣ ਦੇ ਬਾਅਦ ਘੱਟੋ-ਘੱਟ 3,000 ਰੁਪਏ ਮਾਸਿਕ ਪੈਨਸ਼ਨ ਮਿਲਣ ਦੀ ਗਰੰਟੀ ਦਿੱਤੀ ਜਾਂਦੀ ਹੈ।
- ਇਹ ਯੋਜਨਾ ਦੇਸ਼ ਦੇ ਸਾਰੇ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਚਲਾਈ ਜਾ ਰਹੀ ਹੈ। ਇਨ੍ਹਾਂ ਰਾਜਾਂ ਦੇ 3,52,598 ਕਮਿਊਨਿਟੀ ਸਰਵਿਸ ਸੈਂਟਰਾਂ (ਸੀਐੱਸਸੀ) ਉੱਤੇ ਰਜਿਸਟ੍ਰੇਸ਼ਨ ਹੁੰਦੀ ਹੈ। ਇਨ੍ਹਾਂ ਕਮਿਊਨਿਟੀ ਸਰਵਿਸ ਸੈਂਟਰਾਂ 'ਤੇ ਹੁਣ ਤੱਕ 44,88,676 ਰਜਿਸਟ੍ਰੇਸ਼ਨਾਂ ਹੋਈਆਂ ਹਨ।
- ਇਸ ਯੋਜਨਾ ਲਈ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਬਹੁਤ ਅਸਾਨ ਹੈ। ਇਸ ਲਈ ਸਿਰਫ਼ ਇੱਕ ਫ਼ਾਰਮ ਭਰਨਾ ਤੇ ਜਮ੍ਹਾਂ ਕਰਨਾ ਹੁੰਦਾ ਹੈ। ਜਨ ਸੇਵਾ ਕੇਂਦਰ ਵਿੱਚ ਰਜਿਸਟ੍ਰੇਸ਼ਨ ਦਾ ਖ਼ਰਚਾ ਕੇਂਦਰ ਸਰਕਾਰ ਝੱਲਦੀ ਹੈ।
- ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨਧਨ ਯੋਜਨਾ ਦੇ ਤਹਿਤ ਅਰਜ਼ੀ ਦੇਣ ਵਾਲੇ ਬਿਨੈਕਾਰ ਨੂੰ ਹਰ ਮਹੀਨੇ ਪ੍ਰੀਮੀਅਮ ਦੇਣਾ ਹੋਵੇਗਾ। ਜੇ ਕੋਈ ਸ਼੍ਰਮਯੋਗੀ 18 ਸਾਲ ਦਾ ਹੈ, ਤਾਂ ਉਸ ਨੂੰ 55 ਰੁਪਏ, 29 ਸਾਲ ਦਾ ਹੈ, ਤਾਂ 100 ਰੁਪਏ ਅਤੇ 40 ਸਾਲ ਦਾ ਹੈ, ਤਾਂ ਉਸ ਨੂੰ 200 ਰੁਪਏ ਹਰ ਮਹੀਨੇ ਪ੍ਰੀਮੀਅਮ ਭਰਨਾ ਹੋਵੇਗਾ।
- ਇਸ ਯੋਜਨਾ ਦੇ ਤਹਿਤ ਇੱਕ ਲਾਭਾਰਥੀ ਜਿੰਨਾ ਯੋਗਦਾਨ ਪਾਉਂਦਾ ਹੈ, ਸਰਕਾਰ ਵੀ ਉਸ ਦੇ ਖਾਤੇ ਵਿੱਚ ਓਨਾ ਯੋਗਦਾਨ ਪਾਉਂਦੀ ਹੈ। ਲਾਭਾਰਥੀ ਦੀ ਮੌਤ ਦੇ ਬਾਅਦ ਉਸ ਦੀ ਪਤਨੀ ਨੂੰ ਅੱਧੀ ਪੈਨਸ਼ਨ ਮਿਲੇਗੀ। ਨਾਲ ਹੀ ਸਰਕਾਰ ਪੈਨਸ਼ਨ 'ਚ ਮਿਲਣ ਵਾਲੀ ਰਾਸ਼ੀ ਸਿੱਧੀ ਲਾਭਾਰਥੀਆਂ ਦੇ ਬੈਂਕ ਖਾਤੇ ਜਾਂ ਜਨਧਨ ਖਾਤੇ ਵਿੱਚ ਆਟੋ ਡੈਬਿਟ ਸੁਵਿਧਾ ਰਾਹੀਂ ਟ੍ਰਾਂਸਫ਼ਰ ਕਰ ਦੇਵੇਗੀ।
- ਇਸ ਯੋਜਨਾ 'ਚੋਂ ਬਾਹਰ ਨਿਕਲਣ ਦੀ ਵਿਵਸਥਾ ਨੂੰ ਲਚਕਦਾਰ ਰੱਖਿਆ ਗਿਆ ਹੈ। ਅਜਿਹੀ ਸਥਿਤੀ 'ਚ ਕੋਈ ਵੀ ਕਾਮਾ ਅਧਵਾਟੇ ਇਸ ਯੋਜਨਾ 'ਚੋਂ ਬਾਹਰ ਨਿਕਲ ਸਕਦਾ ਹੈ। ਭਾਵੇਂ ਬਾਹਰ ਨਿਕਲਣ 'ਤੇ ਉਸ ਦਾ ਰੁਪਿਆ ਡੁੱਬੇਗਾ ਨਹੀਂ ਤੇ ਸਬੰਧਿਤ ਵਿਵਸਥਾਵਾਂ ਮੁਤਾਬਕ ਉਸ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ।
- ਇਹ ਯੋਜਨਾ ਕੇਂਦਰੀ ਕਿਰਤ ਅਤੇ ਰੋਜ਼ਗਾਰ ਮੰਤਰਾਲੇ ਦੇ ਤਹਿਤ ਚਲਾਈ ਜਾ ਰਹੀ ਹੈ ਤੇ ਭਾਰਤੀ ਜੀਵਨ ਬੀਮਾ ਨਿਗਮ (LIC) ਅਤੇ ਸੀਐੱਸਸੀ ਦੇ ਮਾਧਿਅਮ ਨਾਲ ਲਾਗੂ ਕੀਤੀ ਜਾਂਦੀ ਹੈ। LIC ਪੈਨਸ਼ਨ ਫ਼ੰਡ ਮੈਨੇਜਰ ਹੈ ਤੇ ਪੈਨਸ਼ਨ ਭੁਗਤਾਨ ਲਈ ਜ਼ਿੰਮੇਵਾਰ ਹੈ। ਇਸ ਯੋਜਨਾ ਦੇ ਤਹਿਤ ਜਮ੍ਹਾਂ ਹੋਣ ਵਾਲੀ ਰਾਸ਼ੀ ਦਾ ਨਿਵੇਸ਼ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਂਦਾ ਹੈ।
- ਇੱਕ ਫਰਵਰੀ, 2019 ਨੂੰ ਸੰਸਦ 'ਚ ਪੇਸ਼ ਕੀਤੇ ਗਏ ਅੰਤ੍ਰਿਮ ਬਜਟ 'ਚ ਇਹ ਯੋਜਨਾ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਸੀ। ਤਦ ਇਸ ਯੋਜਨਾ ਲਈ 500 ਕਰੋੜ ਰੁਪਏ ਦੀ ਰਾਸ਼ੀ ਐਲੋਕੇਟ ਕੀਤੀ ਗਈ ਸੀ ਅਤੇ ਜ਼ਰੂਰਤ ਪੈਣ 'ਤੇ ਵਾਧੂ ਰਕਮ ਦੇਣ ਦੀ ਵੀ ਗੱਲ ਆਖੀ ਗਈ ਸੀ। ●

# ਕਾਨੂੰਨ ਸਿਰਫ਼ ਮੰਗਣ 'ਤੇ ਹੀ ਨਹੀਂ, ਸਮਾਜ ਦੀ ਬਿਹਤਰੀ ਲਈ ਲਿਆਂਦੇ ਜਾਂਦੇ ਹਨ

**ਬਾਲ ਵਿਆਹ ਕਾਨੂੰਨ ਹੋਵੇ ਜਾਂ ਤੀਹਰਾ ਤਲਾਕ ਬਿਲ, ਕਿੰਨੇ ਲੋਕਾਂ ਨੇ ਮੰਗ ਕੀਤੀ ਸੀ? ਇਹ ਸਿਰਫ਼ ਮੰਗਣ 'ਤੇ ਨਹੀਂ ਮਿਲੇ, ਬਲਕਿ ਸਮਾਜ ਦੀ ਭਲਾਈ ਲਈ ਇਨ੍ਹਾਂ ਦੀ ਸ਼ੁਰੂਆਤ ਕੀਤੀ ਗਈ। ਲੋਕ ਸਭਾ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੇਂ ਖੇਤੀਬਾੜੀ ਕਾਨੂੰਨਾਂ ਦਾ ਜ਼ਿਕਰ ਕਰਦੇ ਹੋਏ ਇਹ ਗੱਲ ਆਖੀ। ਪਹਿਲਾਂ ਰਾਜ ਸਭਾ ਤੇ ਫਿਰ ਲੋਕ ਸਭਾ 'ਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ ਦਾ ਜਵਾਬ ਦਿੰਦੇ ਹੋਏ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਾ ਸਿਰਫ਼ ਸਰਕਾਰ ਦੀਆਂ ਉਪਲਬਧੀਆਂ ਦਾ ਜ਼ਿਕਰ ਕੀਤਾ, ਬਲਕਿ ਸਮੱਸਿਆਵਾਂ ਨਾਲ ਨਜਿੱਠਣ ਦੀ ਸਰਕਾਰ ਦੀ ਪ੍ਰਤੀਬੱਧਤਾ ਵੀ ਪ੍ਰਗਟਾਈ। ਪੜ੍ਹੋ ਦੋਵੇਂ ਸਦਨਾਂ 'ਚ ਕਿਸ ਮੁੱਦੇ ਉੱਤੇ ਕੀ ਬੋਲੇ ਪ੍ਰਧਾਨ ਮੰਤਰੀ...**



ਖੇਤੀਬਾੜੀ ਕਾਨੂੰਨਾਂ ਬਾਰੇ

## ਨਾ ਐੱਮਐੱਸਪੀ ਬੰਦ ਹੋਵੇਗੀ ਨਾ ਮੰਡੀ

ਇਹ ਗੱਲ ਨਿਸ਼ਚਿਤ ਹੈ ਕਿ ਸਾਡੀ ਖੇਤੀ ਨੂੰ ਖ਼ੁਸ਼ਹਾਲ ਬਣਾਉਣ ਲਈ ਫ਼ੈਸਲੇ ਲੈਣ ਦਾ ਇਹ ਸਮਾਂ ਹੈ, ਇਹ ਸਮਾਂ ਸਾਨੂੰ ਗੁਆਉਣਾ ਨਹੀਂ ਚਾਹੀਦਾ। ਸਰਕਾਰੀ ਧਿਰ ਹੋਵੇ ਵਿਰੋਧੀ ਧਿਰ ਹੋਵੇ, ਅੰਦੋਲਨਕਾਰੀ ਸਾਥੀ ਹੋਣ, ਇਨ੍ਹਾਂ ਸੁਧਾਰਾਂ ਨੂੰ ਸਾਨੂੰ ਮੌਕਾ ਦੇਣਾ ਚਾਹੀਦਾ ਹੈ। ਕੋਈ ਘਾਟ ਹੋਵੇ, ਤਾਂ ਉਸ ਨੂੰ ਠੀਕ ਕਰਾਂਗੇ ਅਤੇ ਕਿਤੇ ਢਿੱਲ ਹੋਵੇ, ਤਾਂ ਉਸ ਨੂੰ ਕਸਾਂਗੇ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੰਡੀਆਂ ਵੱਧ ਆਧੁਨਿਕ ਬਣਨ, ਵਧੇਰੇ ਮੁਕਾਬਲਾ ਹੋਵੇਗਾ, ਇਸ ਵਾਰ ਬਜਟ 'ਚ ਵੀ ਅਸੀਂ ਉਸ ਲਈ ਵਿਵਸਥਾ ਕੀਤੀ ਹੈ। ਇੰਨਾ ਹੀ ਨਹੀਂ ਐੱਮਐੱਸਪੀ ਹੈ, ਐੱਮਐੱਸਪੀ ਸੀ, ਐੱਮਐੱਸਪੀ ਰਹੇਗਾ। ਖੇਤੀਬਾੜੀ ਸੁਧਾਰਾਂ, ਕਿਸਾਨ ਰੇਲ, ਈ-ਨਾਮ, ਇਹ ਸਭ ਸਾਡੇ ਦੇਸ਼ ਦੇ ਕਿਸਾਨਾਂ ਤੇ ਛੋਟੇ ਕਿਸਾਨਾਂ ਨੂੰ ਇੱਕ ਬਹੁਤ ਵੱਡਾ ਮੌਕਾ ਦੇਣ ਦੀ ਕੋਸ਼ਿਸ਼ ਦੇ ਹਿੱਸੇ ਵਜੋਂ ਹੋ ਰਿਹਾ ਹੈ।

ਅੰਦੋਲਨ ਬਾਰੇ

## 'ਅੰਦੋਲਨਜੀਵੀ' ਨਾਮ ਦੀ ਨਵੀਂ ਜਮਾਤ

ਟੋਲ ਪਲਾਜ਼ਾ ਤਾਂ ਸਾਰੇ ਰਾਜਾਂ ਦੀਆਂ ਸਰਕਾਰਾਂ ਦੀ ਤਰਫੋਂ ਪ੍ਰਵਾਨਿਤ ਵਿਵਸਥਾ ਹੈ। ਉਸ ਟੋਲ ਪਲਾਜ਼ਾ 'ਤੇ ਕਬਜ਼ਾ ਕਰ ਲੈਣਾ, ਉੱਥੇ ਤੋੜ-ਭੰਨ ਕਰਨੀ – ਕੀ ਅੰਦੋਲਨ ਨੂੰ ਅਪਵਿੱਤਰ ਕਰਨ ਜਿਹਾ ਨਹੀਂ ਹੈ। ਅਸੀਂ ਲੋਕ ਕੁਝ ਸ਼ਬਦਾਂ ਤੋਂ ਬਹੁਤ ਜਾਣੂ ਹਾਂ – ਸ਼੍ਰਮਜੀਵੀ, ਬੁੱਧੀਜੀਵੀ, ਇਹ ਸਾਰੇ ਸ਼ਬਦਾਂ ਤੋਂ ਜਾਣੂ ਹਾਂ। ਲੇਕਿਨ ਮੈਂ ਦੇਖ ਰਿਹਾ ਹਾਂ ਕਿ ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਇੱਕ ਨਵੀਂ ਜਮਾਤ ਪੈਦਾ ਹੋਈ ਹੈ, ਇੱਕ ਨਵੀਂ ਬਰਾਦਰੀ ਸਾਹਮਣੇ ਆਈ ਹੈ ਅਤੇ ਉਹ ਹੈ ਅੰਦੋਲਨਜੀਵੀ। ਇਹ ਜਮਾਤ

**ਪ੍ਰਧਾਨ ਮੰਤਰੀ ਬੋਲੇ - ਰੇਹੜੀ-ਪਟੜੀ ਵਾਲੇ ਲੋਕਾਂ ਨੂੰ ਇਸ ਕੋਰੋਨਾ ਕਾਲ 'ਚ ਧਨ ਮਿਲੇ। ਉਨ੍ਹਾਂ ਨੂੰ ਪੈਸੇ ਮਿਲਣ... ਉਹ ਉਨ੍ਹਾਂ ਲਈ ਕੀਤਾ ਗਿਆ ਅਤੇ ਅਸੀਂ ਕਰ ਸਕੇ।**

ਲੋਕ ਸਭਾ ਤੇ ਰਾਜ ਸਭਾ 'ਚ ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ।

ਤੁਸੀਂ ਦੇਖੋਗੇ। ਵਕੀਲਾਂ ਦਾ ਅੰਦੋਲਨ ਹੈ, ਉਹ ਉੱਥੇ ਨਜ਼ਰ ਆਉਣਗੇ, ਵਿਦਿਆਰਥੀਆਂ ਦਾ ਅੰਦੋਲਨ ਹੈ, ਉਹ ਉੱਥੇ ਨਜ਼ਰ ਆਉਣਗੇ; ਮਜ਼ਦੂਰਾਂ ਦਾ ਅੰਦੋਲਨ ਹੈ, ਉਹ ਉੱਥੇ ਨਜ਼ਰ ਆਉਣਗੇ, ਕਦੇ ਪਰਦੇ ਪਿੱਛੇ ਕਦੇ ਪਰਦੇ ਅੱਗੇ। ਇੱਕ ਪੂਰੀ ਟੋਲੀ ਹੈ, ਜੋ ਅੰਦੋਲਨਜੀਵੀ ਹੈ। ਉਹ ਅੰਦੋਲਨ ਤੋਂ ਬਿਨਾ ਜੀ ਨਹੀਂ ਸਕਦੇ ਹਨ ਅਤੇ ਅੰਦੋਲਨ ਨਾਲ ਜੀਣ ਲਈ ਰਸਤੇ ਲੱਭਦੇ ਰਹਿੰਦੇ ਹਨ। ਦੇਸ਼ ਪ੍ਰਗਤੀ ਕਰ ਰਿਹਾ ਹੈ, ਅਸੀਂ ਐੱਫ਼ਡੀਆਈ ਦੀ ਗੱਲ ਕਰ ਰਹੇ ਹਾਂ, Foreign Direct Investment ਲੇਕਿਨ ਮੈਂ ਦੇਖ ਰਿਹਾ ਹਾਂ ਇਨ੍ਹੀਂ ਦਿਨੀ ਇੱਕ ਨਵਾਂ ਐੱਫ਼ਡੀਆਈ ਮੈਦਾਨ 'ਚ ਆਇਆ ਹੈ Foreign Destructive Ideology, ਅਤੇ ਇਸ ਤੋਂ ਸਾਡੇ ਦੇਸ਼ ਨੂੰ ਬਚਣ ਦੀ ਜ਼ਰੂਰਤ ਹੈ।

**ਅੱਜ ਹਿੰਦੁਸਤਾਨ ਦੇ ਹਰ ਕੋਣੇ 'ਚ ਵੋਕਲ ਫਾਰ ਲੋਕਲ ਸੁਣਾਈ ਦੇ ਰਿਹਾ ਹੈ। ਲੋਕ ਹੱਥ ਲਾ ਕੇ ਦੇਖਦੇ ਹਨ ਲੋਕਲ ਹੈ ਜਾਂ ਨਹੀਂ।**

### ਕੋਰੋਨਾ ਖ਼ਿਲਾਫ਼ ਜੰਗ

## ਫ੍ਰੰਟਲਾਈਨ ਵਾਰੀਅਰਸ ਈਸ਼ਵਰ ਦਾ ਰੂਪ

ਇਹ ਈਸ਼ਵਰ ਦੀ ਹੀ ਕਿਰਪਾ ਹੈ ਕਿ ਦੁਨੀਆ ਹਿੱਲ ਗਈ ਅਤੇ ਅਸੀਂ ਬਚ ਗਏ। ਹਾਂ, ਸਾਨੂੰ ਈਸ਼ਵਰ ਨੇ ਹੀ ਬਚਾਇਆ, ਲੇਕਿਨ ਉਹ ਡਾਕਟਰ, ਨਰਸ, ਐਂਬੂਲੈਂਸ ਡਰਾਇਵਰ, ਸਫ਼ਾਈ ਕਰਮਚਾਰੀ ਆਦਿ ਦੇ ਰੂਪ ਵਿੱਚ ਆਏ ਸਨ। ਉਹ ਆਪਣੇ ਨਿੱਕੇ–ਨਿੱਕੇ ਬੱਚਿਆਂ ਨੂੰ ਇਹ ਆਖ ਕੇ ਨਿਕਲਦੇ ਸਨ ਕਿ ਸ਼ਾਮੀਂ ਪਰਤਾਂਗਾ, ਲੇਕਿਨ 15–20 ਦਿਨ ਆ ਨਹੀਂ ਸਕਦੇ ਸਨ। ਕੋਰੋਨਾ ਕਾਲ 'ਚ ਭਾਵੇਂ ਰਾਸ਼ਨ ਹੋਵੇ, ਆਰਥਿਕ ਮਦਦ ਹੋਵੇ ਜਾਂ ਮੁਫ਼ਤ ਗੈਸ ਸਿਲੰਡਰ – ਹਰ ਤਰ੍ਹਾਂ ਨਾਲ ਸਾਡੀਆਂ ਮਾਵਾਂ–ਭੈਣਾਂ ਨੂੰ ਅਸੁਵਿਧਾ ਨਾ ਹੋਵੇ, ਸਰਕਾਰ ਨੇ ਇਸ ਦੀ ਪੂਰੀ ਚਿੰਤਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਹਿੰਦੁਸਤਾਨ ਹੈ ਕਿ ਜੋ ਇਸ ਕੋਰੋਨਾ ਕਾਲ ਦੌਰਾਨ ਵੀ ਲਗਭਗ 75 ਕਰੋੜ ਤੋਂ ਵੱਧ ਭਾਰਤੀਆਂ ਨੂੰ ਰਾਸ਼ਨ ਪਹੁੰਚਾ ਸਕਦਾ ਹੈ। ਅੱਠ ਮਹੀਨੇ ਤੱਕ ਰਾਸ਼ਨ ਪਹੁੰਚਾ ਸਕਦਾ ਹੈ। ਇਹੀ ਭਾਰਤ ਹੈ, ਜਿਸ ਨੇ ਜਨਧਨ, ਆਧਾਰ ਤੇ ਮੋਬਾਈਲ ਦੁਆਰਾ ਦੋ ਲੱਖ ਕਰੋੜ ਰੁਪਏ ਇਸ ਕਾਲਖੰਡ ਵਿੱਚ ਲੋਕਾਂ ਤੱਕ ਪਹੁੰਚਾ ਦਿੱਤੇ ਅਤੇ ਮੰਦਭਾਗ ਦੇਖੋ ਜੋ ਆਧਾਰ, ਜੋ ਮੋਬਾਈਲ, ਜੋ ਜਨਧਨ ਖਾਤਾ ਇੰਨਾ ਗ਼ਰੀਬ ਦੇ ਕੰਮ ਆਇਆ, ਲੇਕਿਨ ਕਦੇ–ਕਦੇ ਸੋਚਦੇ ਹਾਂ ਕਿ ਆਧਾਰ ਨੂੰ ਰੋਕਣ ਲਈ ਕਿਹੜੇ ਲੋਕ ਕੋਰਟ ਗਏ ਸਨ। ਕਿਹੜੇ ਲੋਕ ਸੁਪ੍ਰੀਮ ਕੋਰਟ ਦੇ ਬੂਹੇ ਖੜਕਾ ਰਹੇ ਸਨ।

### ਅਰਥਵਿਵਸਥਾ ਬਾਰੇ

## ਜੋਸ਼ ਭਰਨ ਵਾਲੇ ਅੰਕੜੇ ਸਾਹਮਣੇ ਹਨ

ਕੋਰੋਨਾ ਕਾਲ ਦੌਰਾਨ ਵੀ ਅਸੀਂ ਅਰਥਵਿਵਸਥਾ 'ਚ ਸੁਧਾਰਾਂ ਦਾ ਸਿਲਸਿਲਾ ਜਾਰੀ ਰੱਖਿਆ ਅਤੇ ਅਸੀਂ ਇਸ ਇਰਾਦੇ ਨਾਲ ਚਲੇ ਕਿ ਭਾਰਤ ਜਿਹੀ ਅਰਥਵਿਵਸਥਾ ਨੂੰ ਉਭਾਰਨ ਲਈ ਬਾਹਰ ਲਿਆਉਣ ਲਈ ਸਾਨੂੰ ਕੁਝ ਅਹਿਮ ਕਦਮ ਉਠਾਉਣੇ ਹੋਣਗੇ ਅਤੇ ਤੁਸੀਂ ਦੇਖਿਆ ਹੋਵੇਗਾ ਕਿ ਪਹਿਲੇ ਦਿਨ ਤੋਂ ਅਨੇਕ ਤਰੀਕਿਆਂ ਨਾਲ ਸੁਧਾਰ ਦੇ ਕਦਮ ਅਸੀਂ ਉਠਾਏ। ਅੱਜ ਜੀਐੱਸਟੀ ਕਲੈਕਸ਼ਨ ਹਾਲੇ ਤੱਕ ਦੀ ਸਭ ਤੋਂ ਜ਼ਿਆਦਾ ਹੋਈ ਹੈ। ਇਹ ਸਾਰੇ ਅੰਕੜੇ ਸਾਡੀ ਅਰਥਵਿਵਸਥਾ 'ਚ ਜੋਸ਼ ਭਰ ਰਹੇ ਹਨ।

### ਆਤਮਨਿਰਭਰ ਭਾਰਤ

## ਸਮਰੱਥ ਹੋਵਾਂਗੇ ਤਾਂ ਹੀ ਸਸ਼ਕਤ ਹੋਵਾਂਗੇ

ਕੋਰੋਨਾ ਮਹਾਮਾਰੀ ਦੌਰਾਨ ਭਾਰਤ ਨੇ ਜਿਵੇਂ ਖ਼ੁਦ ਨੂੰ ਸੰਭਾਲ਼ਿਆ ਤੇ ਦੁਨੀਆ ਨੂੰ ਵੀ ਸੰਭਾਲਣ 'ਚ ਮਦਦ ਕੀਤੀ, ਇਹ ਇੱਕ ਤਰ੍ਹਾਂ ਦਾ ਟਰਨਿੰਗ ਪੁਆਇੰਟ ਹੈ। ਕੋਰੋਨਾ ਕਾਲ ਦੌਰਾਨ ਭਾਰਤ ਨੇ 'ਸਰਵੇ ਭਵੰਤੁ ਸੁਖਿਨ: ਸਰਵੇ ਸੰਤੁ ਨਿਰਾਮਯਾ' ('सर्वे भवन्तु सुखिनः सर्वे सन्तु निरामया') ਦੀ ਭਾਵਨਾ ਨੂੰ ਅੱਗੇ ਵਧਾਇਆ ਹੈ। ਭਾਰਤ ਨੇ ਇੱਕ 'ਆਤਮਨਿਰਭਰ ਭਾਰਤ' ਦੇ ਰੂਪ ਵਿੱਚ ਕਈ ਫ਼ੈਸਲੇ ਲਏ ਹਨ। ਨਵੀਂ ਵਿਸ਼ਵ ਵਿਵਸਥਾ ਵਿੱਚ ਭਾਰਤ ਨੂੰ ਆਪਣੀ ਥਾਂ ਬਣਾਉਣ ਲਈ ਮਜ਼ਬੂਤ ਹੋਣਾ ਪਵੇਗਾ, ਸਮਰੱਥ ਹੋਣਾ ਪਵੇਗਾ ਅਤੇ ਉਸ ਦਾ ਰਾਹ ਹੈ ਆਤਮਨਿਰਭਰ ਭਾਰਤ। ਅੱਜ ਫ਼ਾਰਮੇਸੀ 'ਚ ਅਸੀਂ ਆਤਮਨਿਰਭਰ ਹਾਂ। ਅਸੀਂ ਦੁਨੀਆ ਦੀ ਭਲਾਈ ਦੇ ਕੰਮ ਆਉਂਦੇ ਹਾਂ। ਭਾਰਤ ਜਿੰਨਾ ਸਮਰੱਥ ਹੋਵੇਗਾ, ਮਨੁੱਖ ਜਾਤੀ ਤੇ ਵਿਸ਼ਵ ਭਲਾਈ ਵਿੱਚ ਇੱਕ ਬਹੁਤ ਵੱਡੀ ਭੂਮਿਕਾ ਅਦਾ ਕਰ ਸਕੇਗਾ ਅਤੇ ਇਸ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀਂ ਆਤਮਨਿਰਭਰ ਭਾਰਤ ਦੇ ਇਸ ਵਿਚਾਰ ਨੂੰ ਬਲ ਦੇਈਏ।

### ਸੁਧਾਰਾਂ ਬਾਰੇ

## ਤਰੱਕੀ ਦੇ ਰਾਹ ਵਿੱਚੋਂ ਰੁਕਾਵਟਾਂ ਖ਼ਤਮ ਕੀਤੀਆਂ

ਕਰਮਚਾਰੀ ਪ੍ਰੋਵੀਡੈਂਟ ਫ਼ੰਡ ਸੰਗਠਨ (ਈਪੀਐੱਫ਼ਓ) 'ਚ 2014 ਤੱਕ ਕਿਸੇ ਨੂੰ 7 ਰੁਪਏ ਪੈਨਸ਼ਨ ਮਿਲ ਰਹੀ ਸੀ, ਕਿਸੇ ਨੂੰ 25 ਰੁਪਏ। ਆਟੋ 'ਚ ਜਾਣ ਦਾ ਖ਼ਰਚਾ ਵੀ ਇਸ ਨਾਲ ਵੱਧ ਹੁੰਦਾ ਹੈ। ਇਸ ਵਿੱਚ ਸੁਧਾਰ ਕਰਕੇ ਅਸੀਂ ਇਸ ਨੂੰ ਘੱਟੋ–ਘੱਟ 1,000 ਰੁਪਏ ਕੀਤਾ। ਇਹ ਵੀ ਕਿਸੇ ਨੇ ਨਹੀਂ ਮੰਗਿਆ ਸੀ। ਲੋਕ ਕਹਿੰਦੇ ਸਨ ਕਿ ਬਿਨਾ ਸਿਫ਼ਾਰਸ਼ ਦੇ ਨੌਕਰੀ ਨਹੀਂ ਮਿਲ ਸਕਦੀ। ਅਸੀਂ ਤੀਜੇ–ਚੌਥੇ ਵਰਗ ਦੀ ਨੌਕਰੀ ਲਈ ਇੰਟਰਵਿਊ ਖ਼ਤਮ ਕੀਤੀ। ਤਮਿਲ ਨਾਡੂ ਤੋਂ ਚਰਚਿਲ ਨੂੰ ਸਿਗਰਟ ਪਹੁੰਚਾਉਣ ਲਈ ਚਰਚਿਲ ਸਿਗਰਟ ਅਸਿਸਟੈਂਟ ਜਿਹਾ ਅਹੁਦਾ ਸੀ। ਦੇਸ਼ ਵਿੱਚ ਅਜਿਹੀਆਂ ਕਈ ਵਿਅਰਥ ਦੀਆਂ ਵਿਵਸਥਾਵਾਂ ਚਲ ਰਹੀਆਂ ਸਨ। ਮੈਂ ਆ ਕੇ ਉਹ ਸਾਰੀਆਂ ਰੀਤਾਂ ਖ਼ਤਮ ਕਰ ਦਿੱਤੀਆਂ, ਜਿਸ ਨਾਲ ਦੇਸ਼ ਦੇ ਲੋਕਾਂ ਨੂੰ ਲਾਭ ਹੋਇਆ। ●

# ਪੂਰਵ-ਉਦੈ

## ਨਵੇਂ ਭਾਰਤ ਦਾ ਸੰਕਲਪ

**ਕੋਲਕਾਤਾ ਤੋਂ ਕੋਹਿਮਾ ਤੱਕ, ਚੰਪਾਰਨ ਤੋਂ ਅੰਡਮਾਨ ਤੱਕ, ਬ੍ਰਹਮਪੁੱਤਰ ਤੋਂ ਬੰਗਾਲ ਦੀ ਖਾੜੀ ਅਤੇ ਪੁਰੀ ਦੇ ਸਮੁੰਦਰੀ ਤਟ ਤੱਕ ਕਰੀਬ 50 ਕਰੋੜ ਆਬਾਦੀ ਪੂਰਬੀ ਭਾਰਤ ਵਿੱਚ ਰਹਿੰਦੀ ਹੈ। ਲੇਕਿਨ ਵਿਕਾਸ ਤੋਂ ਵੰਚਿਤ ਇਹ ਖੇਤਰ ਪੱਛਮ ਜਾਂ ਦੱਖਣ ਭਾਰਤ ਦੇ ਮੁਕਾਬਲੇ ਕਿਤੇ ਪਿੱਛੇ ਛੁਟ ਗਿਆ ਸੀ। ਹੁਣ ਪਹਿਲੀ ਵਾਰ ਕਿਸੇ ਸਰਕਾਰ ਨੇ 'ਪੂਰਵ-ਉਦੈ' ਦੇ ਨਾਲ ਭਾਰਤ ਉਦੈ ਦੀ ਕਲਪਨਾ ਕੀਤੀ। ਤਾਕਿ ਲੋਕਾਂ ਦੇ ਜੀਵਨ ਅਤੇ ਰੋਜ਼ਗਾਰ ਦੀ ਗੁਣਵੱਤਾ ਵਿੱਚ ਸੁਧਾਰ ਹੋਵੇ .. ਰੇਲ, ਸੜਕ, ਹਵਾਈ ਅੱਡੇ, ਬੰਦਰਗਾਹਾਂ, ਜਲ ਮਾਰਗਾਂ ਦਾ ਸਮੁੱਚਾ ਵਿਕਾਸ ਹੋਵੇ ਅਤੇ ਪੂਰਬੀ ਭਾਰਤ ਦਾ ਆਰਥਿਕ ਗੌਰਵ ਪਰਤਾਇਆ ਜਾ ਸਕੇ**



# ਸੁਪਨਿਆਂ ਦੀ ਉਡਾਣ ਦੀਆਂ ਦੋ ਕਹਾਣੀਆਂ

ਅਸਾਮ ਵਿੱਚ ਬ੍ਰਹਮਪੁੱਤਰ ਨਦੀ ਉੱਤੇ ਪੁਲ਼ ਨਾ ਹੋਣਾ, ਇਸ ਖੇਤਰ ਦੇ ਲੋਕਾਂ ਦੀ ਜ਼ਿੰਦਗੀ ਦੇ ਲਈ ਕਿਸੇ ਸਜ਼ਾ ਤੋਂ ਘੱਟ ਨਹੀਂ ਸੀ। ਪਹਿਲਾਂ ਬ੍ਰਹਮਪੁੱਤਰ ਨਦੀ ਨਹੀਂ, ਬਲਕਿ ਸਾਡੇ ਲੋਕਾਂ ਲਈ ਲਛਮਣ ਰੇਖਾ ਦੀ ਤਰ੍ਹਾਂ ਸੀ। ਰਾਤ ਨੂੰ ਤਾਂ ਇਸ ਨੂੰ ਪਾਰ ਕਰਨ ਦੀ ਸੋਚ ਵੀ ਨਹੀਂ ਸਕਦੇ ਸੀ। ਕਿਤੇ ਕਿਸ਼ਤੀ ਖ਼ਰਾਬ ਹੋ ਗਈ ਤਾਂ ਪੂਰੀ ਰਾਤ ਨਦੀ ਵਿੱਚ ਹੀ ਕੱਟਣੀ ਪੈਂਦੀ ਸੀ। ... ਸਿਰਫ਼ 3 ਸਾਲ ਪੁਰਾਣੀ ਇਹ ਕਹਾਣੀ ਹੈ ਸਦੀਆ ਦੇ 42 ਸਾਲ ਦੇ ਸੰਦੀਪ ਸ਼ਰਮਾ ਦੀ ਹੈ, ਜਿਸ ਨੂੰ ਯਾਦ ਕਰਕੇ ਉਹ ਅੱਜ ਵੀ ਸਹਿਮ ਜਾਂਦੇ ਹਨ। ਸਦੀਆ ਉਹੀ ਜਗ੍ਹਾ ਹੈ ਜਿਸ ਦੇ ਨੇੜੇ ਹੀ ਹੁਣ ਭੁਪੇਨ ਹਜ਼ਾਰਿਕਾ ਸੇਤੂ ਹੈ। ਪੱਤੇ ਤੋਂ ਪਲੇਟ ਬਣਾਉਣ ਦਾ ਵਪਾਰ ਕਰਨ ਵਾਲੇ ਸੰਦੀਪ ਦੀ ਮਾਂ ਨੂੰ ਉਨ੍ਹਾਂ ਦਿਨਾਂ ਵਿੱਚ ਕੈਂਸਰ ਸੀ। ਉਨ੍ਹਾਂ ਦੇ ਇਲਾਜ ਲਈ ਨਦੀ ਪਾਰ ਕਰਕੇ ਡਿਬਰੂਗੜ੍ਹ ਲਿਜਾਣਾ ਕਿਸੇ ਪੀੜਾ ਤੋਂ ਘੱਟ ਨਹੀਂ ਸੀ। ਸੰਦੀਪ ਕਹਿੰਦੇ ਹਨ- 'ਬ੍ਰਹਮਪੁੱਤਰ ਉੱਤੇ ਭੁਪੇਨ ਹਜ਼ਾਰਿਕਾ ਸੇਤੂ ਅਤੇ ਬੋਗੀਬਿਲ ਸੇਤੂ ਵਰਦਾਨ ਤੋਂ ਘੱਟ ਨਹੀਂ ਹਨ। ਪੁਲ਼ ਬਣਨ ਤੋਂ ਬਾਅਦ ਹੀ ਸੰਦੀਪ ਨੇ ਆਪਣੀ ਫੈਕਟਰੀ ਲਗਾਈ ਹੈ ਅਤੇ ਤਿਨਸੁਕੀਆ ਤੋਂ ਲੈ ਕੇ ਕਾਜ਼ੀਰੰਗਾ ਤੱਕ ਆਪਣਾ ਉਤਪਾਦ ਵੇਚ ਪਾ ਰਹੇ ਹਨ। 8 ਘੰਟੇ ਵਿੱਚ ਪੂਰਾ ਹੋਣ ਵਾਲਾ ਇਹ ਸਫ਼ਰ ਹੁਣ ਸੰਦੀਪ ਸਿਰਫ਼ 45 ਮਿੰਟ ਵਿੱਚ ਪੂਰਾ ਕਰਦੇ ਹਨ। ਬਦਲਾਅ ਦੀ ਇੱਕ ਅਜਿਹੀ ਹੀ ਕਹਾਣੀ ਅਸਾਮ ਦੇ ਡਿਬਰੂਗੜ੍ਹ ਵਿੱਚ ਰਿਜ਼ਾਰਟ ਦੇ ਕਾਰੋਬਾਰ ਨਾਲ ਜੁੜੇ ਪ੍ਰਣਬ ਗੋਗੋਈ ਦੀ ਵੀ ਹੈ। ਪੁਲ਼ ਬਣਨ ਤੋਂ ਬਾਅਦ ਹੁਣ ਉਨ੍ਹਾਂ ਦੇ ਰਿਜ਼ਾਰਟ ਦਾ ਕਾਰੋਬਾਰ ਕਈ ਗੁਣਾਂ ਵਧ ਗਿਆ ਹੈ। ਧੇਮਾਜੀ ਦੇ ਕੁਲਜਾਨ ਵਿੱਚ ਰਹਿਣ ਵਾਲੇ ਰਾਜਦੀਪ ਬੜਗੋਹਾਈ ਦੇ ਡਿਬਰੂਗੜ੍ਹ ਯੂਨੀਵਰਸਿਟੀ ਵਿੱਚ ਉੱਚ ਸਿੱਖਿਆ ਹਾਸਲ ਕਰਨ ਦਾ ਸੁਪਨਾ ਵੀ ਇਸੇ ਪੁਲ਼ ਦੀ ਬਦੌਲਤ ਪੂਰਾ ਹੋ ਸਕਿਆ ਹੈ। ਬ੍ਰਹਮਪੁੱਤਰ ਨਦੀ ਉੱਤੇ ਦੇਸ਼ ਦੇ ਸਭ ਤੋਂ ਲੰਬੇ ਰੇਲ ਰੋਡ ਬ੍ਰਿਜ ਬੋਗੀਬਿਲ ਨੇ ਉੱਤਰ-ਪੂਰਬ ਦੇ ਰਾਜਾਂ ਦੀ ਜੀਵਨਧਾਰਾ ਹੀ ਬਦਲ ਕੇ ਰੱਖ ਦਿੱਤੀ ਹੈ। ਸਿੱਖਿਆ ਦੇ ਨਾਲ-ਨਾਲ ਵਪਾਰਕ ਗਤੀਵਿਧੀਆਂ ਵੀ ਵਧੀਆਂ ਹਨ ਤਾਂ ਇਸ ਖੇਤਰ ਦੇ ਲੱਖਾਂ ਲੋਕਾਂ ਨੂੰ ਨਵੀਂ ਲਾਈਫ ਲਾਈਨ ਮਿਲ ਗਈ। ਇਸ ਨਾਲ ਈਟਾਨਗਰ ਤੋਂ ਡਿਬਰੂਗੜ੍ਹ ਦੀ ਰੇਲ ਯਾਤਰਾ 700 ਕਿਲੋਮੀਟਰ ਤੋਂ ਘਟ ਕੇ ਹੁਣ 200 ਕਿਲੋਮੀਟਰ ਤੋਂ ਵੀ ਘੱਟ ਰਹਿ ਗਈ ਹੈ। ਭਾਵ ਰੇਲ ਨਾਲ 24 ਘੰਟਿਆਂ ਵਿੱਚ ਪੂਰਾ ਹੋਣ ਵਾਲਾ ਸਫ਼ਰ ਹੁਣ 5-6 ਘੰਟਿਆਂ ਵਿੱਚ ਪੂਰਾ ਹੋ ਰਿਹਾ ਹੈ। ਤਕਰੀਬਨ 5 ਕਿਲੋਮੀਟਰ ਲੰਬਾ ਇਹ ਪੁਲ਼ ਉੱਤਰ-ਪੂਰਬ ਦੇ ਰਾਜਾਂ ਨੂੰ ਹੀ ਆਪਸ ਵਿੱਚ ਨਹੀਂ ਜੋੜ ਰਿਹਾ, ਬਲਕਿ ਪੂਰਬੀ ਭਾਰਤ ਦੇ ਵਿਕਾਸ ਅਤੇ ਉਸ ਨੂੰ ਆਤਮਨਿਰਭਰ ਬਣਾਉਣ ਦਾ ਸਾਖੀ ਬਣ ਰਿਹਾ ਹੈ। ਬਦਲਾਅ ਦੀ ਕਹਾਣੀ ਸਿਰਫ਼ ਆਮ ਲੋਕਾਂ ਦੇ ਜੀਵਨ ਤੱਕ ਹੀ ਸੀਮਿਤ ਨਹੀਂ ਹੈ, ਉੱਤਰ-ਪੂਰਬ ਤੋਂ ਪੂਰਬੀ ਭਾਰਤ ਤੱਕ ਉਦਯੋਗ ਅਤੇ ਕੰਪਨੀਆਂ ਨੂੰ ਵੀ ਰਫ਼ਤਾਰ ਮਿਲ ਗਈ ਹੈ।



ਪਹਿਲਾਂ ਮੈਂ ਸੋਚ ਵੀ ਨਹੀਂ ਸਕਦਾ ਸੀ, ਅੱਜ ਕਰ ਰਿਹਾ ਹਾਂ। ਮੈਂ ਆਪਣੀ ਫੈਕਟਰੀ ਲਗਾ ਲਈ ਹੈ। ਇਸ ਖੇਤਰ ਵਿੱਚ ਬਿਜ਼ਨਸ, ਹੈਲਥ, ਐਜੂਕੇਸ਼ਨ, ਸੁਰੱਖਿਆ ਵਿੱਚ ਫ਼ਾਇਦਾ ਤਾਂ ਹੋਇਆ ਹੀ ਹੈ, ਲੋਕਾਂ ਦਾ ਮਾਨਸਿਕ ਵਿਕਾਸ ਵੀ ਬਹੁਤ ਹੋ ਰਿਹਾ ਹੈ। ਸਾਡੇ ਇੱਥੇ ਅਜਿਹੇ ਵੀ ਲੋਕ ਹਨ ਜਿਨ੍ਹਾਂ ਨੇ ਟ੍ਰੇਨ ਦੇਖੀ ਹੀ ਨਹੀਂ ਸੀ, ਲੇਕਿਨ ਪੁਲ਼ ਦੇ ਬਾਅਦ ਰੇਲ ਰਾਹੀਂ ਅੱਜ ਲੋਕ ਦਿੱਲੀ- ਮੁੰਬਈ-ਬੰਗਲੌਰ ਜਾ ਰਹੇ ਹਨ ਕੰਮ ਕਰਨ ਲਈ।-ਸੰਦੀਪ ਸ਼ਰਮਾ

ਪੱਛਮ ਬੰਗਾਲ ਦਾ ਹਲਦੀਆ ਪ੍ਰਮੁੱਖ ਵਪਾਰਕ ਅਤੇ ਉਦਯੋਗਿਕ ਕੇਂਦਰ ਦੇ ਨਾਲ ਨਾ ਸਿਰਫ ਆਤਮਨਿਰਭਰ ਭਾਰਤ ਦਾ ਕੇਂਦਰ ਬਿੰਦੂ ਬਣ ਰਿਹਾ ਹੈ, ਬਲਕਿ ਦੁਨੀਆ ਦੇ ਨਕਸ਼ੇ ਉੱਤੇ ਛਾ ਜਾਣ ਨੂੰ ਤਿਆਰ ਹੈ। ਫਰਵਰੀ ਵਿੱਚ ਊਰਜਾ ਗੰਗਾ ਪ੍ਰੋਜੈਕਟ ਦੀ 348 ਕਿਲੋਮੀਟਰ ਲੰਬੀ ਡੋਭੀ-ਦੁਰਗਾਪੁਰ ਕੁਦਰਤੀ ਗੈਸ ਪਾਈਪਲਾਈਨ ਰਾਸ਼ਟਰ ਨੂੰ ਸਮਰਪਿਤ ਕੀਤੀ ਗਈ। ਗੈਸ ਅਧਾਰਿਤ ਅਰਥਵਿਵਸਥਾ ਦਾ ਕੇਂਦਰ ਬਣਨ ਜਾ ਰਹੇ ਹਲਦੀਆ ਅਤੇ ਪੱਛਮ ਬੰਗਾਲ ਦੇ ਵਿਕਾਸ ਦੀ ਇਸ ਤਸਵੀਰ ਨੂੰ ਇਸ ਨਾਲ ਵੀ ਸਮਝਿਆ ਜਾ ਸਕਦਾ ਹੈ ਕਿ ਕਰੀਬ ਦੋ ਸਾਲ ਪਹਿਲਾਂ ਇੱਕ ਖੁਰਾਕੀ ਅਤੇ ਪੇਅ ਪਦਾਰਥ ਨਾਲ ਜੁੜੀ ਇੱਕ ਨਾਮੀ ਕੰਪਨੀ ਦਾ ਮਾਲ ਹਲਦੀਆ ਤੋਂ ਹੀ ਉੱਤਰ ਪ੍ਰਦੇਸ਼ ਦੇ ਬਨਾਰਸ ਅੰਤਰਦੇਸ਼ੀ ਜਲਮਾਰਗ ਜ਼ਰੀਏ ਪਹੁੰਚਿਆ ਸੀ। ਆਜ਼ਾਦੀ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਭਾਰਤ ਆਪਣੇ ਨਦੀ ਮਾਰਗ ਨੂੰ ਵਪਾਰ ਲਈ ਇਸਤੇਮਾਲ ਕਰਨ ਦੇ ਯੋਗ ਹੋਇਆ। ਕੰਟੇਨਰ ਵੈਸਲ ਚਲਣ ਨਾਲ ਪੂਰਬੀ ਭਾਰਤ ਨਾ ਸਿਰਫ਼ ਜਲਮਾਰਗ ਜ਼ਰੀਏ ਬੰਗਾਲ ਦੀ ਖਾੜੀ ਨਾਲ ਜੁੜ ਚੁੱਕਿਆ ਹੈ ਬਲਕਿ ਲਘੂ ਉਦਯੋਗਾਂ, ਕਿਸਾਨਾਂ ਦੇ ਉਤਪਾਦ, ਕੱਚਾ ਮਾਲ ਮੰਗਵਾਉਣ ਤੋਂ ਲੈ ਕੇ ਉਸ ਨੂੰ ਤਿਆਰ ਕਰਨਾ ਅਤੇ ਵਾਪਸ ਭੇਜਣਾ ਇਸ ਖੇਤਰ ਦੇ ਲਈ ਸੌਖਾ ਹੋ ਗਿਆ ਹੈ। ਹਲਦੀਆ-ਬਨਾਰਸ ਦੇ ਦਰਮਿਆਨ ਦੇ ਇਸ ਜਲਮਾਰਗ ਨੇ ਪੂਰਬੀ ਭਾਰਤ ਦੇ ਲੋਕਾਂ ਦਾ ਜੀਵਨ ਅਤੇ ਕਾਰੋਬਾਰ ਦਾ ਤਰੀਕਾ ਬਦਲ ਦਿੱਤਾ ਹੈ।

ਆਜ਼ਾਦੀ ਤੋਂ ਪਹਿਲਾਂ ਪੂਰਬੀ ਭਾਰਤ ਕਾਰੋਬਾਰ ਦਾ ਇੱਕ ਪ੍ਰਮੁੱਖ ਕੇਂਦਰ ਹੋਇਆ ਕਰਦਾ ਸੀ। ਲੇਕਿਨ ਭਰਪੂਰ ਖਣਿਜ ਸੰਸਾਧਨ, ਕੁਦਰਤ ਦੇ ਭਰਪੂਰ ਸਾਥ ਅਤੇ ਜੈਵਿਕ ਸੰਪੰਨਤਾ ਦੇ ਬਾਵਜੂਦ ਇਹ ਖੇਤਰ ਵਿਕਾਸ ਦੇ ਮਾਮਲੇ ਵਿੱਚ ਆਜ਼ਾਦੀ ਤੋਂ ਬਾਅਦ ਕਿਤੇ ਪਿੱਛੇ ਰਹਿ ਗਿਆ। ਪਾਰਾਦੀਪ, ਹਲਦੀਆ, ਵਿਜ਼ਾਗ, ਕੋਲਕਾਤਾ ਜਿਹੀਆਂ ਦੇਸ਼ ਦੀਆਂ ਪ੍ਰਮੁੱਖ ਬੰਦਰਗਾਹਾਂ ਇੱਥੇ ਹੀ ਹਨ। ਓਡੀਸ਼ਾ ਜਿਹੇ ਖਣਿਜ ਸੰਸਾਧਨ ਅਤੇ ਉੱਤਰ ਪੂਰਬ ਦੇ 8 ਰਾਜਾਂ ਜਿਹੀ ਵਾਤਾਵਰਣਕ ਅਤੇ ਜੈਵ ਸੰਪਦਾ ਵਿੱਚ ਬੇਮਿਸਾਲ ਇਸ ਖੇਤਰ ਵੱਲ ਕਦੇ ਧਿਆਨ ਹੀ ਨਹੀਂ ਦਿੱਤਾ ਗਿਆ। ਜਦਕਿ ਪੂਰਬੀ ਦੁਨੀਆ ਦੇ ਦੇਸ਼ਾਂ ਦੇ ਨਾਲ ਆਸੀਆਨ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਦਾ ਰਸਤਾ ਇੱਥੋਂ ਹੀ ਹੋ ਕੇ ਜਾਂਦਾ ਹੈ। ਅਟਲ ਬਿਹਾਰੀ ਵਾਜਪੇਈ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ 'ਲੁੱਕ ਈਸਟ' ਦੀ ਨੀਤੀ ਦੇ ਤਹਿਤ ਇਸ ਪਾਸੇ ਧਿਆਨ ਦਿੱਤਾ ਗਿਆ। ਬਦਲਾਅ ਦੇ ਨਵੇਂ ਦੌਰ ਦੀ ਸ਼ੁਰੂਆਤ ਹੋਈ ਮਈ 2014 ਤੋਂ ਬਾਅਦ, ਜਦੋਂ 'ਲੁੱਕ ਈਸਟ' ਦੀ ਨੀਤੀ ਨੂੰ 'ਐਕਟ ਈਸਟ' ਵਿੱਚ ਬਦਲਿਆ ਗਿਆ.. ਅਤੇ ਨਤੀਜਾ.. ਹੁਣ ਇਸ ਖੇਤਰ ਵਿੱਚ ਹਾਈਵੇ, ਇੰਟਰਨੈੱਟ, ਰੇਲਵੇ, ਏਅਰਪੋਰਟ (HIRA), ਜਲਮਾਰਗ, ਇਨਫ੍ਰਾਸਟ੍ਰਕਚਰ, ਸਥਾਨਕ ਕਲਾ-ਸੱਭਿਆਚਾਰ, ਖੇਡ, ਸਥਾਨਕ ਉਦਯੋਗ-ਵਪਾਰ ਭਾਰਤ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਹੁਣ ਉੱਤਰ-ਪੂਰਬ ਅਤੇ ਪੂਰਬੀ ਭਾਰਤ ਦੇ ਲੋਕਾਂ ਨੂੰ ਆਉਣ-ਜਾਣ ਲਈ ਲੰਬੇ ਮਾਰਗ ਜ਼ਰੀਏ ਅਤੇ ਜੀਵਨ ਨੂੰ ਖ਼ਤਰੇ ਵਿੱਚ ਪਾਉਣ ਦੀ ਮਜਬੂਰੀ ਤੋਂ ਮੁਕਤੀ ਮਿਲ ਰਹੀ ਹੈ। ਇਸ ਤੋਂ ਇਲਾਵਾ ਜਲਮਾਰਗਾਂ ਨਾਲ ਬੰਗਲਾਦੇਸ਼, ਨੇਪਾਲ, ਭੂਟਾਨ, ਮਿਆਂਮਾਰ ਦੇ ਨਾਲ ਕਨੈਕਟੀਵਿਟੀ ਉੱਤੇ ਵੀ ਫੋਕਸ ਕੀਤਾ ਜਾ ਰਿਹਾ ਹੈ। ਇਹੀ ਨਹੀਂ ਅੱਜ ਕਈ ਦੱਖਣੀ ਪੂਰਬੀ ਏਸ਼ਿਆਈ ਦੇਸ਼ਾਂ ਦੇ ਨਾਲ ਭਾਰਤ ਦਾ ਕਾਰੋਬਾਰ ਇਤਿਹਾਸਿਕ ਪੱਧਰ ਤੱਕ ਪਹੁੰਚਿਆ ਹੈ ਤਾਂ ਉਸ ਦੇ ਪਿੱਛੇ ਵੀ ਪੂਰਬੀ ਭਾਰਤ ਵਿੱਚ ਖਣਿਜ ਅਧਾਰਿਤ ਉਦਯੋਗਾਂ ਦੀ ਸੰਪੰਨਤਾ ਪ੍ਰਮੁੱਖ ਹੈ। ਇਤਿਹਾਸਿਕ ਬੋਡੋ, ਬਰੂ-ਰਿਆਂਗ, ਨਾਗਾ ਸਮਝੌਤੇ ਨੇ ਇਸ ਖੇਤਰ ਵਿੱਚ ਹਿੰਸਾ ਦੀ ਜਗ੍ਹਾ ਵਿਕਾਸ ਦਾ ਸਕਾਰਾਤਮਕ ਵਾਤਾਵਰਣ ਤਿਆਰ ਕੀਤਾ। ਇਹ ਪਹਿਲੀ ਵਾਰ ਹੈ ਕਿ ਉੱਤਰ-ਪੂਰਬ ਦੇ ਸਾਰੇ ਅੱਠ ਰਾਜਾਂ ਸਮੇਤ ਪੂਰਬੀ ਭਾਰਤ ਦੇਸ਼ ਦੇ ਵਿਕਾਸ ਦਾ ਸਾਰਥੀ ਬਣ ਰਿਹਾ ਹੈ।

## ਪੂਰਵ-ਉਦੈ ਬਣਿਆ ਨਵਾਂ ਮੰਤਰ

ਪੂਰਬ ਯਾਨੀ ਜਿੱਥੋਂ ਸੂਰਜ ਉਦੈ ਹੁੰਦਾ ਹੈ। ਭਾਰਤੀ ਪਰੰਪਰਾ ਵਿੱਚ ਵੀ ਘਰ ਦੇ ਨਿਰਮਾਣ ਨੂੰ ਲੈ ਕੇ ਸ਼ੁਭ ਕਾਰਜਾਂ ਵਿੱਚ ਪੂਰਬ ਦਿਸ਼ਾ ਦਾ ਇੱਕ ਅਲੱਗ ਮਹੱਤਵ ਹੈ। ਇਸੇ ਤਰ੍ਹਾਂ ਪੂਰਬੀ ਭਾਰਤ, ਪੂਰਬੀ ਏਸ਼ੀਆ ਦੇ ਨਾਲ ਭਾਰਤ ਦੇ ਪ੍ਰਾਚੀਨ ਸੱਭਿਆਚਾਰਕ ਰਿਸ਼ਤਿਆਂ ਦਾ ਗੇਟਵੇ ਹੈ। ਅਜਿਹੇ ਵਿੱਚ ਇਸ ਪ੍ਰਵੇਸ਼ ਦੁਆਰ ਦੇ ਜ਼ਰੀਏ ਭਾਰਤ ਦੇ ਵਿਕਾਸ ਵਿੱਚ ਵਪਾਰ, ਯਾਤਰਾ ਅਤੇ ਟੂਰਿਜ਼ਮ ਨੂੰ ਸੁਗਮ ਬਣਾਉਣਾ ਜ਼ਰੂਰੀ ਸ਼ਰਤ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰ ਸਰਕਾਰ ਨੇ ਪੱਛਮ ਭਾਰਤ ਦੀ ਤਰ੍ਹਾਂ ਹੀ ਪੂਰਬੀ ਭਾਰਤ ਨੂੰ ਵਿਕਸਿਤ ਕਰਨ ਲਈ ਪੂਰਵ-ਉਦੈ ਦਾ ਨਵਾਂ ਮੰਤਰ ਅਪਣਾਇਆ ਹੈ ਤਾਕਿ ਦੇਸ਼ ਦੇ ਵਿਕਾਸ ਦਾ ਨਵਾਂ ਉਦੈ ਹੋਵੇ। ਇਸ ਦਿਸ਼ਾ ਵਿੱਚ 2014 ਤੋਂ ਹੀ ਸਰਕਾਰ ਮਿਸ਼ਨ ਮੋਡ ਵਿੱਚ ਕੰਮ



## ਰੇਲਵੇ

**15,088 ਕਰੋੜ ਰੁਪਏ** ਦੀ ਲਾਗਤ ਨਾਲ 6 ਰੇਲ ਪ੍ਰੋਜੈਕਟ ਉੱਤਰ ਪੂਰਬ ਵਿੱਚ ਪੂਰੇ ਹੋ ਗਏ ਹਨ।




**39.12 ਕਿਲੋਮੀਟਰ**

ਬੇਲੋਨੀਆ-ਸਬਰੂਮ ਰੇਲਵੇ ਲਾਈਨ ਪੂਰੀ। ਇਸ ਨਾਲ ਦੱਖਣੀ ਤ੍ਰਿਪੁਰਾ ਅਤੇ ਬੰਗਲਾਦੇਸ਼ ਵਿੱਚ ਛਤਰੋਗ੍ਰਾਮ ਬੰਦਰਗਾਹ ਅਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ।

- ਸਰਾਇਘਾਟ ਅਤੇ ਤੇਜ਼ਪੁਰ ਸਿਲਘਾਟ ਵਿੱਚ ਬ੍ਰਹਮਪੁੱਤਰ ਉੱਤੇ ਪੁਲ਼ ਨੂੰ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਨੌਰਥ ਈਸਟਰਨ ਰੇਲਵੇ ਦੀ 2,352 ਕਿਲੋਮੀਟਰ ਲਾਈਨ ਦੇ ਬਿਜਲੀਕਰਨ ਦਾ ਕੰਮ ਜਾਰੀ ਹੈ।
- ਬੰਗਾਲ ਦੇ ਕਟਵਾ-ਅਜ਼ੀਮਗੰਜ ਅਤੇ ਮੋਨੋਗ੍ਰਾਮ -ਨਲਹਾਟੀ ਸੈਕਸ਼ਨ ਵਿੱਚ 140 ਕਿਲੋਮੀਟਰ ਰੇਲਵੇ ਲਾਈਨ ਦਾ ਬਿਜਲੀਕਰਨ ਕੀਤਾ ਗਿਆ ਹੈ। 219 ਕਰੋੜ ਰੁਪਏ ਦੀ ਲਾਗਤ ਨਾਲ ਈਸਟਰਨ ਰੇਲਵੇ ਲਾਈਨਾਂ ਦਾ ਬਿਜਲੀਕਰਨ ਜਾਰੀ। ਹਾਵੜਾ ਵਿੱਚ 14 ਕਿਲੋਮੀਟਰ ਦੀ ਤੀਜੀ ਲਾਈਨ ਮਾਲਦਾ ਅਤੇ ਸਿਆਲਦਾਹ ਡਿਵੀਜ਼ਨ ਵਿੱਚ 27.17 ਕਿਲੋਮੀਟਰ ਦੋਹਰੀ ਲਾਈਨ ਸ਼ੁਰੂ।
- 2014-19 ਦੇ ਦੌਰਾਨ, ਉੱਤਰ-ਪੂਰਬ ਖੇਤਰ ਵਿੱਚ 231 ਕਿਲੋਮੀਟਰ ਨਵੀਆਂ ਲਾਈਨਾਂ ਨੂੰ ਚਾਲੂ ਕੀਤਾ ਗਿਆ ਹੈ। 41 ਨਵੇਂ ਰੇਲਵੇ ਸਟੇਸ਼ਨਾਂ ਦਾ ਨਿਰਮਾਣ ਕੀਤਾ ਗਿਆ ਹੈ। ਮਿਜ਼ੋਰਮ, ਤ੍ਰਿਪੁਰਾ ਅਤੇ ਮੇਘਾਲਿਆ ਪਹਿਲੀ ਵਾਰ ਰੇਲ ਨੈੱਟਵਰਕ ਨਾਲ ਜੋੜੇ ਗਏ।



## ਹਵਾਈ ਜਹਾਜ਼

- ਅਰੁਣਾਚਲ ਪ੍ਰਦੇਸ਼ ਨਾਲ ਕਨੈਕਟੀਵਿਟੀ ਲਈ ਗ੍ਰੀਨਫੀਲਡ ਹਵਾਈ ਅੱਡੇ ਹੋਲੋਂਗੀ ਉੱਤੇ ਕੰਮ ਸ਼ੁਰੂ ਹੋ ਗਿਆ ਹੈ। 955.67 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਵਾਲਾ ਇਹ ਪ੍ਰੋਜੈਕਟ ਦਸੰਬਰ 2022 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।
- ਸਿੱਕਿਮ ਨੂੰ 2018 ਵਿੱਚ ਪਹਿਲੀ ਵਾਰ ਏਅਰਪੋਰਟ ਦੀ ਸੁਵਿਧਾ ਮਿਲੀ ਹੈ। ਹੋਰ ਰਾਜਾਂ ਵਿੱਚ ਵੀ ਨਵੇਂ ਏਅਰਪੋਰਟਾਂ ਦੇ ਖੁੱਲ੍ਹਣ ਨਾਲ ਸੁਵਿਧਾਵਾਂ ਅਤੇ ਸਮਰੱਥਾਵਾਂ ਵਿੱਚ ਵਾਧਾ ਦੇਖਿਆ ਜਾ ਰਿਹਾ ਹੈ। ਹੁਣ ਵਰਤਮਾਨ ਵਿੱਚ ਉੱਤਰ ਪੂਰਬ ਵਿੱਚ ਲਗਭਗ 13 ਅਪਰੇਸ਼ਨਲ ਹਵਾਈ ਅੱਡੇ ਹਨ। 92 ਨਵੇਂ ਹਵਾਈ ਰੂਟ ਸ਼ੁਰੂ।
- ਇੰਫਾਲ ਹਵਾਈ ਅੱਡੇ ਸਮੇਤ ਖੇਤਰ ਵਿੱਚ ਮੌਜੂਦਾ ਹਵਾਈ ਅੱਡਿਆਂ ਦੇ ਵਿਸਤਾਰ, ਆਧੁਨਿਕ ਸੁਵਿਧਾਵਾਂ ਦੇ ਨਿਰਮਾਣ ਦੇ ਲਈ 3,000 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਜਾ ਰਹੇ ਹਨ।



# ਇਨਫ੍ਰਾਸਟ੍ਰਕਚਰ ਨੂੰ ਮਿਲੀ ਨਵੀਂ ਰਫ਼ਤਾਰ

ਡਿਬਰੂਗੜ੍ਹ ਨੂੰ ਅਰੁਣਾਚਲ ਦੇ ਪਾਸੀ ਘਾਟ ਨਾਲ ਜੋੜਨ ਲਈ ਬ੍ਰਹਮਪੁੱਤਰ ਨਦੀ ਉੱਤੇ ਬਣਿਆ ਸਭ ਤੋਂ ਲੰਬਾ ਰੇਲ ਸੜਕ ਪੁਲ਼ ਭਾਰਤ ਦੇ ਰੇਲ ਨਕਸ਼ੇ ਉੱਤੇ ਪਹਿਲੀ ਵਾਰ ਮੇਘਾਲਿਆ, ਤ੍ਰਿਪੁਰਾ ਅਤੇ ਮਿਜ਼ੋਰਮ ਦਾ ਉਦੈ ਹੋਵੇ ਜਾਂ ਹਜ਼ਾਰਾਂ ਕਿਲੋਮੀਟਰ ਨਵੇਂ ਹਾਈਵੇ ਅਤੇ ਉਡਾਣ ਯੋਜਨਾ ਤਹਿਤ ਰਾਜ ਦੀਆਂ ਰਾਜਧਾਨੀਆਂ ਨੂੰ ਜੋੜਨ ਵਾਲੇ 92 ਹਵਾਈ ਮਾਰਗ, 2014 ਤੋਂ ਬਾਅਦ 19 ਨਵੇਂ ਰਾਸ਼ਟਰੀ ਜਲਮਾਰਗ ਅਤੇ 13 ਹਵਾਈ ਅੱਡਿਆਂ ਦਾ ਸੰਚਾਲਨ, ਨਵੇਂ ਭਾਰਤ ਦੀ ਵਿਕਾਸ ਗਾਥਾ ਦਾ ਸਹੀ ਮਾਅਨੇ ਵਿੱਚ ਗੇਟਵੇਅ ਬਣਿਆ ਹੈ।

## ਅਸਾਮ

ਆਮ ਬਜਟ 2021-22 ਵਿੱਚ ਅਸਾਮ ਵਿੱਚ 13000 ਕਿਲੋਮੀਟਰ ਨੈਸ਼ਨਲ ਹਾਈਵੇਜ਼ ਦੇ ਲਈ 34000 ਕਰੋੜ ਰੁਪਏ

**7707.17** ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ 536 ਕਿਲੋਮੀਟਰ ਦੇ 35 ਰਾਸ਼ਟਰੀ ਰਾਜਮਾਰਗ ਪ੍ਰੋਜੈਕਟ ਦਿੱਤੇ ਗਏ। ਅਰੁਣਾਚਲ ਪ੍ਰਦੇਸ਼ ਵਿੱਚ 3 ਪ੍ਰੋਜੈਕਟ ਪੂਰੇ ਹੋ ਚੁੱਕੇ ਹਨ।



ਅਸਾਮ ਵਿੱਚ ਭੁਪੇਨ ਹਜ਼ਾਰਿਕਾ ਬ੍ਰਿਜ ਅਤੇ ਸਰਾਇਘਾਟ ਬ੍ਰਿਜ ਅਸਾਮ ਦੀ ਆਧੁਨਿਕ ਪਹਿਚਾਣ ਦਾ ਹਿੱਸਾ ਬਣ ਗਏ ਹਨ। ਧੁਬਰੀ ਫੂਲਬਾੜੀ ਪੁਲ਼ ਦਾ ਨੀਂਹ ਪੱਥਰ, ਮਜੁਲੀ ਪੁਲ਼ ਨਿਰਮਾਣ ਦੀ ਸ਼ੁਰੂਆਤ।

ਪੱਛਮ ਬੰਗਾਲ ਦੇ ਹਲਦੀਆ ਵਿੱਚ 190 ਕਰੋੜ ਰੁਪਏ ਦੀ ਲਾਗਤ ਨਾਲ ਫਲਾਈਓਵਰ। ਇਸ ਨਾਲ ਹਲਦੀਆ ਪੋਰਟ ਤੱਕ ਰਸਤਾ ਸੌਖਾ ਹੋਵੇਗਾ।

### ਉੱਤਰ-ਪੂਰਬ ਵਿੱਚ ਸੜਕਾਂ ਦਾ ਨਿਰਮਾਣ (ਕਿਲੋਮੀਟਰ ਵਿੱਚ)

| 3,178 | 22,882 | 987 |
|---|---|---|
| ਰੋਡ ਟਰਾਂਸਪੋਰਟ ਤੇ ਰਾਜਮਾਰਗ ਮੰਤਰਾਲਾ | ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ | ਸੀਮਾ ਸੜਕ ਸੰਗਠਨ |

(ਅੰਕੜੇ ਮਈ 2014 ਤੋਂ 2019 ਤੱਕ)

ਓਡੀਸ਼ਾ ਵਿੱਚ ਰਾਸ਼ਟਰੀ ਰਾਜਮਾਰਗਾਂ ਦੀ ਲੰਬਾਈ 2014 ਵਿੱਚ 4,632 ਕਿਲੋਮੀਟਰ ਤੋਂ ਵਧ ਕੇ 2018 ਵਿੱਚ 9,426 ਕਿਲੋਮੀਟਰ ਹੋ ਗਈ ਹੈ।

ਉੱਤਰ-ਪੂਰਬ ਰਾਜਾਂ ਦੇ ਜਾਰੀ ਵਿਸ਼ੇਸ਼ ਪੈਕੇਜ ਦੇ ਤਹਿਤ 2014 ਤੋਂ ਬਾਅਦ ਸੜਕ ਅਤੇ ਪੁਲ਼ ਨਿਰਮਾਣ ਦੀਆਂ 96 ਯੋਜਨਾਵਾਂ ਸਵੀਕਾਰ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 6 ਪੂਰੀਆਂ ਹੋ ਚੁੱਕੀਆਂ ਹਨ ਅਤੇ 90 ਉੱਤੇ ਕੰਮ ਜਾਰੀ।

ਸਰਕਾਰ ਨੇ ਖੇਤਰ ਅੰਦਰ ਅੰਤਰਰਾਜੀ ਸੜਕਾਂ ਦੇ ਵਿਕਾਸ ਅਤੇ ਉਚਿਤ ਰੱਖ-ਰਖਾਅ ਦੇ ਲਈ 'ਨੌਰਥ ਈਸਟ ਰੋਡ ਸੈਕਟਰ ਡਿਵੈਲਪਮੈਂਟ ਸਕੀਮ' ਨਾਮੀ ਨਵੀਂ ਯੋਜਨਾ ਸ਼ੁਰੂ ਕੀਤੀ।

## 'ਅਸੋਮ ਮਾਲਾ ਪ੍ਰੋਜੈਕਟ'

ਅਗਲੇ 15 ਸਾਲਾਂ ਵਿੱਚ 'ਭਾਰਤ ਮਾਲਾ ਪ੍ਰੋਜੈਕਟ' ਦੀ ਤਰਜ ਉੱਤੇ ਅਸੋਮ ਮਾਲਾ ਪ੍ਰੋਜੈਕਟ ਆਧੁਨਿਕ ਸੜਕ ਬੁਨਿਆਦੀ ਢਾਂਚੇ ਦਾ ਨਿਰਮਾਣ ਕਰੇਗੀ। ਚੌੜੇ ਰਾਜਮਾਰਗਾਂ ਦੇ ਇੱਕ ਨੈੱਟਵਰਕ ਦੇ ਨਾਲ, ਸਾਰੇ ਪਿੰਡਾਂ ਨੂੰ ਮੁੱਖ ਸੜਕਾਂ ਨਾਲ ਜੋੜਿਆ ਜਾਵੇਗਾ।

## ਜੁੜਨਗੀਆਂ ਸਾਰੀਆਂ ਰਾਜਧਾਨੀਆਂ

ਅਸਾਮ, ਅਰੁਣਾਚਲ ਪ੍ਰਦੇਸ਼ ਅਤੇ ਤ੍ਰਿਪੁਰਾ ਬ੍ਰੌਡ ਗੇਜ਼ ਰੇਲ ਨੈੱਟਵਰਕ ਨਾਲ ਜੁੜ ਚੁੱਕੇ ਹਨ। ਮੇਘਾਲਿਆ, ਮਣੀਪੁਰ, ਨਾਗਾਲੈਂਡ, ਮਿਜ਼ੋਰਮ ਅਤੇ ਸਿੱਕਿਮ ਨੂੰ ਬ੍ਰੌਡ ਗੇਜ਼ ਰੇਲ ਲਾਈਨ ਦੇ ਜ਼ਰੀਏ ਜੋੜਨ ਦੀ ਸ਼ੁਰੂਆਤ ਹੋ ਚੁੱਕੀ ਹੈ।



## ਜਲਮਾਰਗ

- ਕੋਲਕਾਤਾ ਅਤੇ ਹਲਦੀਆ ਪੋਰਟ ਤੋਂ ਗੁਵਾਹਾਟੀ ਟਰਮੀਨਲ ਤੱਕ ਕਾਰਗੋ ਅਤੇ ਕੰਟੇਨਰ ਦੀ ਆਵਾਜਾਈ ਸ਼ੁਰੂ ਹੋ ਗਈ ਹੈ। ਜਲਮਾਰਗ ਦੀ ਦ੍ਰਿਸ਼ਟੀ ਤੋਂ ਹਲਦੀਆ ਨੂੰ ਮਲਟੀ ਮੋਡਲ ਦੇ ਰੂਪ ਵਿੱਚ ਵਿਕਸਿਤ ਕਰਨ ਦੀ ਯੋਜਨਾ।
- ਅਸਾਮ ਵਿੱਚ ਮਹਾਬਾਹੂ-ਬ੍ਰਹਮਪੁੱਤਰ ਪ੍ਰੋਜੈਕਟ ਦੀ ਸ਼ੁਰੂਆਤ। ਇਸ ਨਾਲ ਨੀਮਾਟੀ-ਮਾਜੁਲੀ ਦ੍ਵੀਪ, ਉੱਤਰੀ ਗੁਵਾਹਾਟੀ-ਦੱਖਣੀ ਗੁਵਾਹਾਟੀ ਅਤੇ ਧੁਬਰੀ ਹਾਟਸਿੰਗੀਮਾਰੀ ਦੇ ਦਰਮਿਆਨ ਰੋ-ਪੈਕਸ ਵੈਸਲ ਚਲ ਸਕੇਗਾ। ਹੁਣ ਰੋਡ ਦੇ ਜ਼ਰੀਏ ਇਨ੍ਹਾਂ ਇਲਾਕਿਆਂ ਦੀ ਦੂਰੀ ਤੈਅ ਕਰਨ ਦੇ ਲਈ ਤਕਰੀਬਨ 680 ਕਿਲੋਮੀਟਰ ਸਫ਼ਰ ਕਰਨਾ ਪੈਂਦਾ ਹੈ। ਹੁਣ ਇਹ ਦੂਰੀ 43 ਕਿਲੋਮੀਟਰ ਰਹਿ ਜਾਵੇਗੀ।
- ਤ੍ਰਿਪੁਰਾ ਨੂੰ ਬੰਗਲਾਦੇਸ਼ ਨਾਲ ਜੋੜਨ ਵਾਲਾ ਸੋਨਮੁਰਾ-ਦਾਊਦਕੰਡੀ ਅੰਤਰਦੇਸ਼ੀ ਜਲਮਾਰਗ ਮਈ 2020 ਤੋਂ ਕੰਮ ਕਰਨ ਲਗਿਆ।

## ਰੋਜ਼ਗਾਰ ਦੇ ਨਵੇਂ ਅਵਸਰ

ਪੱਛਮ ਬੰਗਾਲ ਵਿੱਚ ਦੁਰਗਾਪੁਰ ਅਤੇ ਸਿੰਦਰੀ ਖਾਦ ਕਾਰਖਾਨਿਆਂ ਦੇ ਲਈ ਗੈਸ ਦੀ ਸਪਲਾਈ। ਇਨ੍ਹਾਂ ਦੋਹਾਂ ਕਾਰਖਾਨਿਆਂ ਦੇ ਵਿਕਾਸ ਨਾਲ ਰੋਜ਼ਗਾਰ ਦੇ ਨਵੇਂ ਅਵਸਰ ਪੈਦਾ ਹੋਣਗੇ ਅਤੇ ਕਿਸਾਨਾਂ ਨੂੰ ਜ਼ਰੂਰੀ ਅਤੇ ਸਸਤੀਆਂ ਖਾਦਾਂ ਮਿਲਣਗੀਆਂ।

## 348 ਕਿਲੋਮੀਟਰ ਗੈਸ ਪਾਈਪਲਾਈਨ

ਊਰਜਾ ਗੰਗਾ ਪ੍ਰੋਜੈਕਟ ਦਾ ਹਿੱਸਾ 348 ਕਿਲੋਮੀਟਰ ਲੰਬਾ ਡੋਭੀ-ਦੁਰਗਾਪੁਰ ਕੁਦਰਤੀ ਗੈਸ ਪਾਈਪਲਾਈਨ ਸੈਕਸ਼ਨ, ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ।

## ਮਿਸ਼ਨ ਪੂਰਵ-ਉਦੈ



ਮਿਸ਼ਨ ਪੂਰਵ-ਉਦੈ ਦੇ ਤਹਿਤ ਪੂਰਬੀ ਭਾਰਤ ਵਿੱਚ ਏਕੀਕ੍ਰਿਤ ਸਟੀਲ ਹੱਬ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

## ਪੱਛਮ ਬੰਗਾਲ ਨੂੰ ਲਾਭ

ਡੋਭੀ-ਦੁਰਗਾਪੁਰ ਗੈਸ ਪਾਈਪਲਾਈਨ ਨਾਲ ਪੱਛਮ ਬੰਗਾਲ ਦੇ 10 ਜ਼ਿਲ੍ਹਿਆਂ ਤੋਂ ਲੈ ਕੇ ਬਿਹਾਰ ਅਤੇ ਝਾਰਖੰਡ ਤੱਕ ਨੂੰ ਸਿੱਧਾ ਲਾਭ ਮਿਲੇਗਾ।



## ₹ 9,265 ਕਰੋੜ

ਦੀ ਲਾਗਤ ਵਾਲੇ ਨੌਰਥ-ਈਸਟ ਗੈਸ ਗ੍ਰਿੱਡ ਪ੍ਰੋਜੈਕਟ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇੰਦਰਧਨੁਸ਼ ਗੈਸ ਗ੍ਰਿੱਡ ਲਿਮਿਟਿਡ ਦੇ ਇਸ ਪ੍ਰੋਜੈਕਟ ਦੀ ਕੁੱਲ ਲੰਬਾਈ 1656 ਕਿਲੋਮੀਟਰ ਹੈ। ਇਸ ਨਾਲ ਉੱਤਰ-ਪੂਰਬ ਦੇ ਸਾਰੇ 8 ਰਾਜਾਂ ਦੇ ਉਦਯੋਗਾਂ ਨੂੰ ਮਿਲੇਗਾ ਫ਼ਾਇਦਾ।

# ਉਦਯੋਗਾਂ ਨੂੰ ਨਵੀਂ ਗਤੀ ...

**ਭਾਰਤ ਦਾ ਉੱਤਰ ਪੂਰਬੀ ਖੇਤਰ ਇੱਕ ਖਣਿਜ ਸੰਸਾਧਨ ਸੰਪੰਨ ਖੇਤਰ ਹੈ। ਸੋਨੇ ਤੋਂ ਲੈ ਕੇ ਚੂਨਾ ਪੱਥਰ, ਡੋਲੋਮਾਈਟ, ਬਾਕਸਾਈਟ, ਗ੍ਰੈਫਾਈਟ, ਸਿਲਿਮੇਨਾਈਟ ਅਤੇ ਲੋਹਾ ਤੱਕ ਇੱਥੇ ਮਿਲਦੇ ਹਨ। ਨਾਲ ਹੀ ਇੱਥੇ ਖੇਤੀਬਾੜੀ ਦੀ ਵੀ ਵਿਆਪਕ ਸੰਭਾਵਨਾ ਹੈ।**

## ਐੱਮਐੱਸਐੱਮਈ ਨੂੰ 47.02 ਕਰੋੜ ਰੁਪਏ

ਪੂਰਬ ਉੱਤਰ ਭਾਰਤ ਵਿੱਚ ਐੱਮਐੱਸਐੱਮਈ ਸੈਕਟਰ ਨੂੰ ਹੁਲਾਰਾ ਦੇਣ ਦੇ ਲਈ ਬੀਤੇ ਇੱਕ ਸਾਲ ਵਿੱਚ 47.02 ਕਰੋੜ ਰੁਪਏ ਦਿੱਤੇ ਗਏ ਹਨ।

ਕਰ ਰਹੀ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕਹਿੰਦੇ ਹਨ, "ਪੂਰਬੀ ਭਾਰਤ ਅਤੇ ਪੱਛਮੀ ਭਾਰਤ, ਭਾਰਤ ਮਾਤਾ ਦੀਆਂ ਦੋ ਬਾਹਵਾਂ ਹਨ। ਪੱਛਮੀ ਭਾਰਤ ਦਾ ਵਿਕਾਸ ਹੋ ਚੁੱਕਿਆ ਹੈ, ਲੇਕਿਨ ਪੂਰਬੀ ਭਾਰਤ ਦੇ ਵਿਕਾਸ ਤੋਂ ਬਿਨਾ ਭਾਰਤ ਦਾ ਵਿਕਾਸ ਸੰਭਵ ਨਹੀਂ ਹੈ।" ਇਸੇ ਸੋਚ ਦਾ ਨਤੀਜਾ ਹੈ ਕਿ ਤਿੰਨ ਸੀ (C) ਯਾਨੀ ਸੰਪਰਕ, ਵਣਜ ਅਤੇ ਸੱਭਿਆਚਾਰ (ਕਨੈਕਟੀਵਿਟੀ, ਕਮਰਸ ਅਤੇ ਕਲਚਰ) ਦੇ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਰਿਹਾ ਹੈ। ਇੱਕ ਸੁਰੱਖਿਅਤ ਅਤੇ ਆਤਮਨਿਰਭਰ ਭਾਰਤ ਦੇ ਟੀਚੇ ਦੀ ਦਿਸ਼ਾ ਵਿੱਚ ਈਜ਼ ਆਵ੍ ਲਿਵਿੰਗ ਦੇ ਨਾਲ-ਨਾਲ ਮਿਆਂਮਾਰ, ਭੂਟਾਨ, ਨੇਪਾਲ, ਬੰਗਲਾਦੇਸ਼ ਦੇ ਨਾਲ ਭਾਰਤ ਦੇ ਸਮਾਜਿਕ-ਵਪਾਰਕ ਰਿਸ਼ਤਿਆਂ ਦੀ ਮਜ਼ਬੂਤੀ ਹੀ ਐਕਟ-ਈਸਟ ਪਾਲਿਸੀ ਨੂੰ ਮਜ਼ਬੂਤ ਕਰ ਰਹੀ ਹੈ।

> **ਬੰਗਾਲ ਪਹਿਲਾਂ ਤੋਂ ਜਿਤਨਾ ਅੱਗੇ ਸੀ, ਜੇ ਬੀਤੇ ਦਹਾਕਿਆਂ ਵਿੱਚ ਉਸ ਦੀ ਉਹ ਗਤੀ ਹੋਰ ਵਧੀ ਹੁੰਦੀ, ਤਾਂ ਅੱਜ ਬੰਗਾਲ ਕਿੱਥੇ ਤੋਂ ਕਿੱਥੇ ਪਹੁੰਚ ਗਿਆ ਹੁੰਦਾ। - ਪ੍ਰਧਾਨ ਮੰਤਰੀ ਨਰੇਂਦਰ ਮੋਦੀ**

## ਉਦਯੋਗਿਕ ਕੇਂਦਰ ਦੇ ਤੌਰ 'ਤੇ ਉੱਭਰ ਰਿਹਾ ਪੱਛਮ ਬੰਗਾਲ

ਪੱਛਮ ਬੰਗਾਲ ਇੱਕ ਰਾਜ ਦਾ ਨਾਮ ਭਰ ਨਹੀਂ, ਬਲਕਿ ਇੱਕ 'ਜੀਬੋਨਧਾਰਾ' (ਜੀਵਨਧਾਰਾ) ਹੈ। ਇਸ ਦੇ ਤੇਜ਼ ਵਿਕਾਸ ਦੇ ਲਈ ਅਤੇ ਇਸ ਖੇਤਰ ਵਿੱਚ ਬੁਨਿਆਦੀ ਸੁਵਿਧਾਵਾਂ ਪਹੁੰਚਾਉਣ ਲਈ ਨਿਰੰਤਰ ਕੰਮ ਹੋ ਰਿਹਾ ਹੈ। ਕੇਂਦਰ ਸਰਕਾਰ ਦੀ ਯੋਜਨਾ ਪੱਛਮ ਬੰਗਾਲ ਨੂੰ ਉਦਯੋਗਿਕ ਅਤੇ ਮੈਨੂਫੈਕਚਰਿੰਗ ਦਾ ਹੱਬ ਬਣਾਉਣ ਦੀ ਹੈ ਤਾਕਿ ਬੰਗਾਲ ਦੀ ਇਤਿਹਾਸਿਕ ਸ੍ਰੇਸ਼ਠਤਾ ਨੂੰ ਪੁਨਰਜੀਵਤ ਕੀਤਾ ਜਾ ਸਕੇ। ਪ੍ਰਧਾਨ ਮੰਤਰੀ ਮੋਦੀ ਦੇ ਸ਼ਬਦਾਂ ਵਿੱਚ ਹੀ, "ਬੰਗਾਲ ਜੋ ਅੱਜ ਸੋਚਦਾ ਹੈ, ਉਹੀ ਕੱਲ੍ਹ ਭਾਰਤ ਸੋਚਦਾ ਹੈ, ਇਸੇ ਤੋਂ ਪ੍ਰੇਰਣਾ ਲੈਂਦੇ ਹੋਏ ਅਸੀਂ ਅੱਗੇ ਵਧਣਾ ਹੈ।" ਪੱਛਮ ਬੰਗਾਲ ਨੂੰ ਪੂਰਬੀ ਭਾਰਤ ਦੇ ਵਿਕਾਸ ਦਾ ਕੇਂਦਰ ਬਿੰਦੂ

**ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਸਰਕਾਰ ਨੇ ਸਾਰੇ ਮੰਤਰਾਲਿਆਂ ਅਤੇ ਵਿਭਾਗਾਂ ਦਾ 10 ਫ਼ੀਸਦੀ ਬਜਟ ਖ਼ਰਚ ਉੱਤਰ-ਪੂਰਬ ਖੇਤਰ ਲਈ ਲਾਜ਼ਮੀ ਕੀਤਾ ਹੈ।**

ਬਣਾਉਣ ਦੀ ਦਿਸ਼ਾ ਵਿੱਚ ਹੋ ਰਹੇ ਕੰਮ ਦਾ ਹੀ ਨਤੀਜਾ ਹੈ ਕਿ ਨੈਸ਼ਨਲ ਹਾਈਵੇਜ਼-ਵਾਟਰਵੇਜ਼, ਹਵਾਈ ਮਾਰਗ, ਬੰਦਰਗਾਹਾਂ ਅਤੇ ਪਿੰਡ-ਪਿੰਡ ਤੱਕ ਬ੍ਰੌਡਬੈਂਡ ਕਨੈਕਟੀਵਿਟੀ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਹੋ ਰਿਹਾ ਹੈ। ਲੇਕਿਨ ਕਿਸੇ ਵੀ ਖੇਤਰ ਦੇ ਵਿਕਾਸ ਵਿੱਚ ਉੱਥੋਂ ਦੇ ਸਥਾਨਕ ਲੋਕਾਂ ਦਾ ਸਸ਼ਕਤੀਕਰਨ ਲਾਜ਼ਮੀ ਪਹਿਲੂ ਹੈ। ਅਜਿਹੇ ਵਿੱਚ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨਾਲ ਲੋਕਾਂ ਦਾ ਜੀਵਨ ਵੀ ਅਸਾਨ (ਈਜ਼ ਆਵ੍ ਲਿਵਿੰਗ) ਹੋ ਰਿਹਾ ਹੈ। ਬੰਗਾਲ ਵਿੱਚ ਆਵਾਸ ਯੋਜਨਾ ਦੇ ਤਹਿਤ 30 ਲੱਖ ਗ਼ਰੀਬਾਂ ਦੇ ਘਰ, ਉੱਜਵਲਾ ਦੇ ਤਹਿਤ 90 ਲੱਖ ਮਹਿਲਾਵਾਂ ਨੂੰ ਮੁਫਤ ਕਨੈਕਸ਼ਨ, ਜਨਧਨ ਯੋਜਨਾ ਵਿੱਚ 4 ਕਰੋੜ ਗ਼ਰੀਬਾਂ ਦੇ ਬੈਂਕ ਖਾਤੇ, ਜਲ ਜੀਵਨ ਮਿਸ਼ਨ ਦੇ ਜ਼ਰੀਏ 4 ਲੱਖ ਘਰਾਂ ਵਿੱਚ ਪਾਈਪ ਦੇ ਨਾਲ ਸਾਫ ਪਾਣੀ ਪਹੁੰਚਾਉਣ ਦਾ ਕੰਮ, ਕਨੈਕਟੀਵਿਟੀ ਸੁਧਾਰ ਦੇ ਲਈ ਲਗਾਤਾਰ ਕੰਮ ਹੋ ਰਿਹਾ ਹੈ। ਕੋਲਕਾਤਾ ਵਿੱਚ ਈਸਟ ਵੈਸਟ ਮੈਟਰੋ ਕੌਰੀਡੋਰ ਦੇ ਲਈ 8500 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਇਹ ਕੌਰੀਡੋਰ ਦੇਸ਼ ਵਿੱਚ ਨਦੀ ਦੇ ਅੰਦਰ ਚਲਣ ਵਾਲੀ ਪਹਿਲੀ ਮੈਟਰੋ ਸੇਵਾ ਹੋਵੇਗੀ। ਇੰਨਾ ਹੀ ਨਹੀਂ ਨੇਪਾਲ, ਭਾਰਤ ਅਤੇ ਬੰਗਲਾਦੇਸ਼ ਦੇ ਦਰਮਿਆਨ ਸੰਪਰਕ ਵਧਾਉਣ ਲਈ ਸੈਂਕੜੇ ਕਰੋੜ ਰੁਪਏ ਦੀ ਲਾਗਤ ਨਾਲ ਰੋਡ ਪ੍ਰੋਜੈਕਟ ਉੱਤੇ ਕੰਮ ਚਲ ਰਿਹਾ ਹੈ।

ਪੂਰਬੀ ਭਾਰਤ ਵਿੱਚ ਜੀਵਨ ਅਤੇ ਕਾਰੋਬਾਰ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਰੇਲ, ਸੜਕ, ਹਵਾਈ ਅੱਡੇ, ਬੰਦਰਗਾਹਾਂ, ਜਲਮਾਰਗਾਂ ਵਿੱਚ ਸੂਚੀਬੱਧ ਕਾਰਜ ਤੋਂ ਇਲਾਵਾ ਬੰਦ ਹੋ ਰਹੇ ਉਦਯੋਗਾਂ ਨੂੰ ਪੁਨਰਜੀਵਿਤ ਕੀਤਾ ਜਾ ਰਿਹਾ ਹੈ। ਗੈਸ ਦੀ ਕਮੀ ਨਾਲ ਇਸ ਖੇਤਰ ਵਿੱਚ ਉਦਯੋਗ ਬੰਦ ਹੋ ਰਹੇ ਹਨ। ਇਸ ਲਈ ਪੂਰਬੀ ਭਾਰਤ ਨੂੰ ਪੂਰਬੀ ਅਤੇ ਪੱਛਮੀ ਬੰਦਰਗਾਹਾਂ ਨਾਲ ਜੋੜਨ ਦਾ ਫ਼ੈਸਲਾ ਲਿਆ ਗਿਆ ਹੈ। ਪ੍ਰਧਾਨ ਮੰਤਰੀ ਊਰਜਾ ਗੰਗਾ ਪਾਈਪਲਾਈਨ, ਜਿਸ ਦਾ ਇੱਕ ਵੱਡਾ ਹਿੱਸਾ ਫਰਵਰੀ ਵਿੱਚ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਹੈ, ਉਸ ਨਾਲ ਨਾ ਸਿਰਫ ਪੱਛਮ ਬੰਗਾਲ ਬਲਕਿ ਬਿਹਾਰ ਅਤੇ ਝਾਰਖੰਡ ਦੇ 10 ਜ਼ਿਲ੍ਹਿਆਂ ਨੂੰ ਫ਼ਾਇਦਾ ਹੋਵੇਗਾ। ਇਸ ਪਾਈਪਲਾਈਨ ਦੇ ਨਿਰਮਾਣ ਕਾਰਜ ਨਾਲ ਸਥਾਨਕ ਲੋਕਾਂ ਨੂੰ 11 ਲੱਖ ਮਾਨਵ ਦਿਵਸ ਰੋਜ਼ਗਾਰ ਪ੍ਰਦਾਨ ਕੀਤੇ ਗਏ ਹਨ। ਇਹ ਰਸੋਈ ਘਰਾਂ ਨੂੰ ਪਾਈਪ ਦੁਆਰਾ ਸਵੱਛ ਤਰਲ ਪੈਟਰੋਲੀਅਮ ਗੈਸ-ਐੱਲਪੀਜੀ ਪ੍ਰਦਾਨ ਕਰੇਗਾ ਅਤੇ ਸਵੱਛ ਕੰਪਰੈਸਡ ਨੈਚੁਰਲ ਗੈਸ-ਸੀਐੱਨਜੀ ਵਾਹਨਾਂ ਨੂੰ ਵੀ ਸਮਰੱਥ ਕਰੇਗਾ। ਸਿੰਦਰੀ ਅਤੇ ਦੁਰਗਾਪੁਰ ਖਾਦ ਕਾਰਖਾਨਿਆਂ ਨੂੰ ਨਿਰੰਤਰ ਗੈਸ ਦੀ ਸਪਲਾਈ ਮਿਲ



# ਅੱਤਿਵਾਦ ਉੱਤੇ ਲਗਾਮ

**ਸਾਲ 2014 ਤੋਂ ਬਾਅਦ ਦੇਸ਼ ਦੇ ਹਰ ਹਿੱਸੇ ਨੂੰ ਵਿਕਾਸ ਦੇ ਬਰਾਬਰ ਅਵਸਰ ਉਪਲਬਧ ਕਰਵਾਉਣ ਦੀ ਸ਼ੁਰੂਆਤ ਹੋਈ। ਸਾਲਾਂ ਤੋਂ ਹਿੰਸਾਗ੍ਰਸਤ ਪੂਰਬੀ ਭਾਰਤ ਦੇ ਕਈ ਇਲਾਕਿਆਂ ਵਿੱਚ ਸ਼ਾਂਤੀ ਅਤੇ ਸੁਰੱਖਿਆ ਨੂੰ ਮਹੱਤਤਾ ਦਿੱਤੀ ਗਈ ਹੈ। ਕਿਉਂਕਿ ਬਿਨਾ ਸ਼ਾਂਤੀ ਸਮੁੱਚਾ ਵਿਕਾਸ ਮੁਮਕਿਨ ਨਹੀਂ ਸੀ।**

2015 ਵਿੱਚ ਸਰਕਾਰ ਅਤੇ ਨੈਸ਼ਨਲ ਸੋਸ਼ਲਿਸਟ ਕੌਂਸਲ ਆਵ੍ ਨਾਗਾਲੈਂਡ ਦੇ ਇਸਾਕ-ਮੁਈਵਾ ਗੁੱਟ ਦੇ ਦਰਮਿਆਨ ਸ਼ਾਂਤੀ ਸਮਝੌਤੇ ਉੱਤੇ ਹਸਤਾਖਰ ਹੋਏ। ਇਸ ਨਾਲ ਅਸ਼ਾਂਤ ਉੱਤਰ-ਪੂਰਬ ਵਿੱਚ ਸ਼ਾਂਤੀ ਆਈ। 80 ਤੋਂ ਵੱਧ ਦੌਰ ਦੀ ਵਾਰਤਾ ਤੋਂ ਬਾਅਦ ਸੰਧੀ ਉੱਤੇ ਹਸਤਾਖਰ ਕੀਤੇ ਗਏ।



**750 ਕਰੋੜ ਰੁਪਏ**

ਦੇ ਬੋਡੋਲੈਂਡ ਟੈਰੀਟੋਰੀਅਲ ਕੌਂਸਲ ਪੈਕੇਜ ਦੇ ਤਹਿਤ 749.64 ਕਰੋੜ ਰੁਪਏ ਦੀ ਲਾਗਤ ਵਾਲੇ 65 ਪ੍ਰੋਜੈਕਟਾਂ ਨੂੰ ਪ੍ਰਵਾਨਗੀ। 711.19 ਕਰੋੜ ਰੁਪਏ ਜਾਰੀ।

**ਬੋਡੋ ਸਮਝੌਤਾ:** ਸਰਕਾਰ ਨੇ ਨੈਸ਼ਨਲ ਡੈਮੋਕਰੇਟਿਕ ਫਰੰਟ ਆਵ੍ ਬੋਡੋਲੈਂਡ (ਐੱਨਡੀਐੱਫ਼ਬੀ) ਦੇ ਨਾਲ ਜਨਵਰੀ 2020 ਵਿੱਚ ਬੋਡੋ ਸ਼ਾਂਤੀ ਸਮਝੌਤੇ ਉੱਤੇ ਹਸਤਾਖਰ ਕੀਤੇ।

ਜਨਵਰੀ 2020 ਵਿੱਚ ਬੋਡੋ ਸਮਝੌਤੇ ਉੱਤੇ ਹਸਤਾਖਰ ਤੋਂ ਬਾਅਦ ਵਿਭਿੰਨ ਸੰਗਠਨਾਂ ਦੇ 2,259 ਕਾਡਰ ਆਤਮ ਸਮਰਪਣ ਕਰ ਚੁੱਕੇ ਹਨ।

**187.28 ਕਰੋੜ ਰੁਪਏ**

ਦੀ ਲਾਗਤ ਵਾਲੇ 20 ਪ੍ਰੋਜੈਕਟਾਂ ਨੂੰ ਕੇਏਏਟੀਸੀ ਪੈਕੇਜ ਦੇ ਤਹਿਤ ਪ੍ਰਵਾਨਗੀ ਦਿੱਤੀ ਗਈ ਹੈ। 95.71 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

**350 ਕਰੋੜ ਰੁਪਏ**

ਦਿੱਤੇ ਗਏ ਕਾਰਬੀ ਆਂਗਲੋਂਗ ਆਟੋਨੋਮਸ ਟੈਰੀਟੋਰੀਅਲ ਕੌਂਸਲ (ਕੇਏਏਟੀਸੀ) ਪੈਕੇਜ ਦੇ ਤਹਿਤ

ਮਣੀਪੁਰ ਵਿੱਚ, ਸੁਰੱਖਿਆ ਸਥਿਤੀ ਵਿੱਚ 2018 ਤੋਂ ਬਾਅਦ ਕਾਫ਼ੀ ਸੁਧਾਰ ਹੋਇਆ ਹੈ। ਇੱਥੇ ਅੱਤਿਵਾਦ ਨਾਲ ਸਬੰਧਿਤ ਘਟਨਾਵਾਂ ਵਿੱਚ 24 ਫ਼ੀਸਦੀ ਗਿਰਾਵਟ ਆਈ ਹੈ।

ਦੀਮਾ ਹਸਾਓ ਆਟੋਨੋਮਸ ਟੈਰੀਟੋਰੀਅਲ ਕੌਂਸਲ (ਡੀਐੱਚਏਟੀਸੀ) ਦੇ ਲਈ 200 ਕਰੋੜ ਰੁਪਏ ਦੇ ਵਿਸ਼ੇਸ਼ ਵਿਕਾਸ ਪੈਕੇਜ ਦੇ ਤਹਿਤ 121.29 ਕਰੋੜ ਰੁਪਏ ਦੀ ਲਾਗਤ ਵਾਲੇ 10 ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ 73.80 ਕਰੋੜ ਰੁਪਏ ਜਾਰੀ ਵੀ ਕਰ ਦਿੱਤੇ ਗਏ ਹਨ।

# ਈਜ਼ ਆਵ੍ ਲਿਵਿੰਗ ਉੱਤੇ ਸਰਕਾਰ ਦਾ ਵਿਸ਼ੇਸ਼ ਜ਼ੋਰ

ਉੱਜਵਲਾ ਯੋਜਨਾ ਦੇ 8 ਕਰੋੜ ਤੋਂ ਜ਼ਿਆਦਾ ਲਾਭਾਰਥੀਆਂ ਵਿੱਚੋਂ ਅੱਧੇ ਸਿਰਫ਼ ਪੂਰਬੀ ਭਾਰਤ ਦੇ ਹੀ ਹਨ। ਐੱਲਪੀਜੀ ਦੇ 29 ਕਰੋੜ ਕਨੈਕਸ਼ਨਾਂ ਵਿੱਚ 11.5 ਕਰੋੜ, ਪ੍ਰਧਾਨ ਮੰਤਰੀ ਗ੍ਰਾਮੀਣ ਆਵਾਸ ਯੋਜਨਾ ਵਿੱਚ ਬਣੇ 2 ਕਰੋੜ ਮਕਾਨਾਂ ਵਿੱਚ 1.12 ਕਰੋੜ, ਸਵੱਛ ਭਾਰਤ ਮਿਸ਼ਨ ਦੇ ਤਹਿਤ ਬਣੇ 10 ਕਰੋੜ ਪਖਾਨਿਆਂ ਵਿੱਚੋਂ 4.5 ਕਰੋੜ, ਬਿਜਲੀ ਦੇ 4 ਕਰੋੜ ਕਨੈਕਸ਼ਨਾਂ ਵਿੱਚੋਂ 1 ਕਰੋੜ ਤੋਂ ਜ਼ਿਆਦਾ ਇੱਥੇ ਹੀ ਦਿੱਤੇ ਗਏ ਹਨ।



**13,199.36**

ਕਰੋੜ ਰੁਪਏ ਜਾਰੀ ਕੀਤੇ 2014-15 ਅਤੇ 2020-21 ਦੇ ਦਰਮਿਆਨ ਪੂਰਬ ਉੱਤਰ ਖੇਤਰ ਵਿਕਾਸ ਮੰਤਰਾਲੇ ਨੇ

**90 ਲੱਖ ਮਹਿਲਾਵਾਂ ਨੂੰ ਗੈਸ ਕਨੈਕਸ਼ਨ**

ਪੱਛਮ ਬੰਗਾਲ ਵਿੱਚ ਮਿਲੇ ਹਨ ਉੱਜਵਲਾ ਯੋਜਨਾ ਦੇ ਤਹਿਤ। ਇਨ੍ਹਾਂ ਵਿੱਚੋਂ 36 ਲੱਖ ਤੋਂ ਵੱਧ ਐੱਸਸੀ/ਐੱਸਟੀ ਸ਼੍ਰੇਣੀ ਦੀਆਂ ਮਹਿਲਾਵਾਂ ਹਨ।

**99%**

ਘਰਾਂ ਵਿੱਚ ਐੱਲਪੀਜੀ ਕਨੈਕਸ਼ਨ ਹੈ ਪੱਛਮ ਬੰਗਾਲ ਵਿੱਚ। 2014 ਵਿੱਚ ਇਹ 41 % ਸਨ।

ਧਨ ਪੁਰਸਕਾਰ ਮੇਲਾ ਯੋਜਨਾ ਦੇ ਤਹਿਤ 7.5 ਲੱਖ ਚਾਹ ਬਗਾਨ ਮਜ਼ਦੂਰਾਂ ਦੇ ਖਾਤਿਆਂ ਵਿੱਚ ਕਰੋੜਾਂ ਰੁਪਏ ਭੇਜੇ ਗਏ।

- ਹਲਦੀਆ ਵਿੱਚ ਨਵੇਂ ਐੱਲਪੀਜੀ ਆਯਾਤ ਟਰਮੀਨਲ ਦਾ ਉਦਘਾਟਨ ਕੀਤਾ ਗਿਆ ਹੈ। ਇਸ ਨਾਲ ਪੱਛਮ ਬੰਗਾਲ, ਓਡੀਸ਼ਾ, ਬਿਹਾਰ, ਝਾਰਖੰਡ, ਛੱਤੀਸਗੜ੍ਹ, ਉੱਤਰ ਪ੍ਰਦੇਸ਼ ਅਤੇ ਪੂਰਬੀ ਭਾਰਤ ਵਿੱਚ 2 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਗੈਸ ਮਿਲੇਗੀ।
- ਜਨ-ਧਨ ਦੇ 41.84 ਕਰੋੜ ਬੈਂਕ ਖਾਤਿਆਂ ਵਿੱਚੋਂ 16.22 ਕਰੋੜ ਖਾਤੇ ਇੱਥੇ ਹੀ ਹਨ।
- ਉਜਾਲਾ ਯੋਜਨਾ ਦੇ ਤਹਿਤ ਪੱਛਮ ਬੰਗਾਲ ਵਿੱਚ 92.29 ਲੱਖ, ਮੇਘਾਲਿਆ ਵਿੱਚ 4.33 ਲੱਖ, ਅਸਾਮ ਵਿੱਚ 71.76 ਲੱਖ, ਅਰੁਣਾਚਲ ਪ੍ਰਦੇਸ਼ ਵਿੱਚ 4.99 ਲੱਖ, ਨਾਗਾਲੈਂਡ ਵਿੱਚ 10.99 ਲੱਖ, ਮਣੀਪੁਰ ਵਿੱਚ 2.99 ਲੱਖ, ਤ੍ਰਿਪੁਰਾ ਵਿੱਚ 10.54 ਲੱਖ ਅਤੇ ਮਿਜ਼ੋਰਮ ਵਿੱਚ 6.15 ਲੱਖ ਐੱਲਈਡੀ ਵੰਡੇ ਗਏ ਹਨ। ਓਡੀਸ਼ਾ ਵਿੱਚ 100 ਫ਼ੀਸਦੀ ਬਿਜਲੀਕਰਨ ਹੋਇਆ।
- ਜਲ ਜੀਵਨ ਮਿਸ਼ਨ ਤਹਿਤ ਦੇਸ਼ ਦੇ ਹਰ ਘਰ ਵਿੱਚ ਨਲ ਦਾ ਜਲ ਉਪਲਬਧ ਕਰਵਾਇਆ ਜਾ ਰਿਹਾ ਹੈ। ਸਿੱਕਿਮ ਦਾ ਕਵਰੇਜ ਵਧਕੇ 73.16 ਫ਼ੀਸਦੀ ਹੋ ਗਿਆ ਹੈ ਜਦਕਿ ਮਣੀਪੁਰ ਵਿੱਚ ਇਹ 42.01 ਫ਼ੀਸਦੀ ਹੋ ਗਿਆ ਹੈ।

ਸਕੇਗੀ। ਉੱਜਵਲਾ ਯੋਜਨਾ ਦੇ ਕਾਰਨ ਪੂਰਬੀ ਖੇਤਰ ਵਿੱਚ ਐੱਲਪੀਜੀ ਦੀ ਖਪਤ ਅਤੇ ਮੰਗ ਦੋਨੋਂ ਜ਼ਿਆਦਾ ਹਨ, ਅਜਿਹੇ ਵਿੱਚ ਹਲਦੀਆ ਦਾ ਐੱਲਪੀਜੀ ਆਯਾਤ ਟਰਮੀਨਲ ਉੱਚੀ ਮੰਗ ਨੂੰ ਪੂਰਾ ਕਰਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਏਗਾ। ਇਸ ਨਾਲ ਪੱਛਮ ਬੰਗਾਲ, ਓਡੀਸ਼ਾ, ਬਿਹਾਰ, ਝਾਰਖੰਡ, ਛੱਤੀਸਗੜ੍ਹ, ਉੱਤਰ ਪ੍ਰਦੇਸ਼ ਅਤੇ ਉੱਤਰ-ਪੂਰਬ ਵਿੱਚ ਕਰੋੜਾਂ ਪਰਿਵਾਰਾਂ ਨੂੰ ਫ਼ਾਇਦਾ ਹੋਵੇਗਾ ਕਿਉਂਕਿ ਇੱਥੇ 2 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਗੈਸ ਮਿਲੇਗੀ। ਇਨ੍ਹਾਂ ਲਾਭਾਰਥੀਆਂ ਵਿੱਚੋਂ 1 ਕਰੋੜ ਉੱਜਵਲਾ ਯੋਜਨਾ ਦੇ ਲਾਭਾਰਥੀ ਹੋਣਗੇ। ਆਮ ਬਜਟ ਵਿੱਚ ਇਸ ਵਾਰ ਪੱਛਮ ਬੰਗਾਲ ਨੂੰ ਆਰਥਿਕ ਗਲਿਆਰੇ ਦੇ ਨਿਰਮਾਣ ਲਈ 25,000 ਕਰੋੜ ਰੁਪਏ ਦਿੱਤੇ ਗਏ ਹਨ।

## ਨੀਤੀਗਤ ਬਦਲਾਅ ਨਾਲ ਨਵੇਂ ਪੂਰਬੀ ਭਾਰਤ ਦਾ ਉਦੈ

ਪੂਰਬੀ ਭਾਰਤ ਹੁਣ ਵਿਕਾਸ ਦੀ ਯਾਤਰਾ ਵਿੱਚ ਅਗਵਾਈ ਕਰਨ ਨੂੰ ਤਿਆਰ ਦਿਖ ਰਿਹਾ ਹੈ। ਇਸ ਦੇ ਲਈ ਚਾਰ ਬੁਨਿਆਦੀ ਥੰਮ੍ਹਾਂ ਦੇ ਜ਼ਰੀਏ ਪਰਿਵਰਤਨਕਾਰੀ ਬਦਲਾਅ ਦਾ ਖਾਕਾ ਬਣਾਇਆ ਗਿਆ। ਪਹਿਲਾ-ਪੂਰੇ ਪੂਰਬੀ ਭਾਰਤ ਦੇ ਵਿਕਾਸ ਨੂੰ ਸਰਬਉੱਚ ਪ੍ਰਾਥਮਿਕਤਾ ਦੇਣਾ। ਦੂਸਰਾ-ਇਨਫ੍ਰਾਸਟ੍ਰਕਚਰ ਅਤੇ ਕਨੈਕਟੀਵਿਟੀ ਨਾਲ ਜੁੜੇ ਪ੍ਰੋਜੈਕਟਾਂ ਨੂੰ ਵਿਸਤਾਰ ਦੇ ਕੇ ਤੇਜ਼ੀ ਲਿਆਉਣਾ। ਤੀਸਰਾ- ਲੋਕਾਂ ਦੀ ਅਜੀਵਿਕਾ ਨਾਲ ਜੁੜੇ ਪ੍ਰੋਜੈਕਟਾਂ ਨੂੰ ਪ੍ਰਾਥਮਿਕਤਾ ਦੇਣਾ। ਚੌਥਾ-ਇਸ ਖੇਤਰ ਦੇ ਸਮੁੱਚੇ ਵਿਕਾਸ ਲਈ ਲਗਾਤਾਰ ਨਵੇਂ-ਨਵੇਂ ਕਦਮ ਚੁੱਕਣਾ। ਇਨ੍ਹਾਂ ਚਾਰ ਅਧਾਰਾਂ ਉੱਤੇ 2014 ਤੋਂ ਬਾਅਦ ਨੀਤੀਗਤ ਪ੍ਰਕਿਰਿਆਗਤ ਅਤੇ ਨਿਯਮਾਂ ਵਿੱਚ ਬਦਲਾਅ ਦੇ ਨਾਲ ਕਦਮ ਚੁੱਕੇ ਗਏ ਹਨ। ਕਿਸੇ ਵੀ ਯੋਜਨਾ ਨੂੰ ਜ਼ਮੀਨ ਉੱਤੇ ਸਾਕਾਰ ਕਰਨ ਲਈ ਇੱਕ ਮਜ਼ਬੂਤ ਤੰਤਰ ਦੀ ਜ਼ਰੂਰਤ ਹੁੰਦੀ ਹੈ। ਲਿਹਾਜ਼ਾ ਕੇਂਦਰ ਸਰਕਾਰ ਨੇ ਇੱਕ ਠੋਸ ਨੀਤੀ ਬਣਾਈ ਹਰ ਪਖਵਾੜੇ ਇੱਕ ਕੇਂਦਰੀ ਮੰਤਰੀ ਦਾ ਇਸ ਖੇਤਰ ਵਿੱਚ ਵਿਸ਼ੇਸ਼ ਦੌਰਾ ਕਰਕੇ ਉੱਥੋਂ ਦੇ ਵਿਕਾਸ ਪ੍ਰੋਜੈਕਟਾਂ ਦੀ ਸਮੀਖਿਆ ਕਰਨਾ ਲਾਜ਼ਮੀ ਹੈ। ਇਸ ਨਾਲ ਸਮਾਂਬੱਧ ਡਿਲਿਵਰੀ ਨੂੰ ਸੁਨਿਸ਼ਚਿਤ ਕੀਤਾ ਗਿਆ ਹੈ। ਉੱਤਰ ਪੂਰਬੀ ਖੇਤਰ ਵਿਕਾਸ ਮੰਤਰਾਲਾ ਦੇਸ਼ ਦਾ ਇੱਕ ਮਾਤਰ ਅਜਿਹਾ ਮੰਤਰਾਲਾ ਹੈ ਜੋ ਪ੍ਰਾਦੇਸ਼ਿਕ ਅਧਿਕਾਰ ਖੇਤਰ ਵਾਲਾ ਹੈ, ਜਿਸ ਦਾ ਫੋਕਸ ਇਸ ਖੇਤਰ ਵਿਸ਼ੇਸ਼ ਦੀਆਂ ਲੋੜਾਂ ਉੱਤੇ ਕੇਂਦ੍ਰਿਤ ਹੈ। ਇਸ ਖੇਤਰ ਦੇ ਵਿਕਾਸ ਲਈ ਜਾਰੀ ਫੰਡ ਜੇ ਖ਼ਰਚ ਨਹੀਂ ਹੁੰਦਾ, ਤਾਂ ਵੀ ਉਸ ਨੂੰ ਜਾਰੀ ਰੱਖਿਆ ਜਾਂਦਾ ਹੈ। ਜਦਕਿ ਹੋਰ ਵਿਭਾਗਾਂ ਵਿੱਚ ਫੰਡ ਵਿੱਤੀ ਸਾਲ ਵਿੱਚ ਖਰਚ ਨਾ ਹੋਣ ਕਰਕੇ ਵਾਪਸ ਹੋ ਜਾਂਦਾ ਹੈ।

> **ਬਤੌਰ ਪ੍ਰਧਾਨ ਮੰਤਰੀ ਸਿਰਫ਼ ਉੱਤਰ-ਪੂਰਬ ਵਿੱਚ 40 ਵਾਰ ਤੋਂ ਜ਼ਿਆਦਾ ਦੌਰੇ ਕਰਨ ਵਾਲੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਕੱਲੇ ਪ੍ਰਧਾਨ ਮੰਤਰੀ ਹਨ। ਹਰ ਪੰਦਰਾਂ ਦਿਨਾਂ ਵਿੱਚ ਇੱਕ ਮੰਤਰੀ ਦਾ ਦੌਰਾ ਵੀ ਤੈਅ।**



## ਸਿੱਖਿਆ/ ਸਿਹਤ/ ਖੇਡ

**2020 ਦਸੰਬਰ**

ਗੁਵਾਹਾਟੀ ਵਿੱਚ ਨਵੇਂ ਮੈਡੀਕਲ ਕਾਲਜ ਦਾ ਨੀਂਹ ਪੱਥਰ ਰੱਖਿਆ। ਅਸਾਮ ਵਿੱਚ 2016 ਤੱਕ 6 ਮੈਡੀਕਲ ਕਾਲਜ ਸਨ। ਪਿਛਲੇ 5 ਸਾਲਾਂ ਵਿੱਚ 6 ਹੋਰ ਨਵੇਂ ਮੈਡੀਕਲ ਕਾਲਜ ਬਣਾਏ ਗਏ।

ਗੁਵਾਹਾਟੀ ਵਿੱਚ ਏਮਸ ਦਾ ਕੰਮ ਤੇਜ਼ ਗਤੀ ਨਾਲ ਚਲ ਰਿਹਾ ਹੈ। ਇੱਥੇ ਪਹਿਲਾ ਬੈਚ ਸ਼ੁਰੂ ਹੋ ਗਿਆ ਹੈ। ਚਾਂਗਸਾਰੀ ਵਿੱਚ ਨਵਾਂ ਏਮਸ ਬਣ ਰਿਹਾ ਹੈ। 2 ਨਵੇਂ ਇੰਜੀਨੀਅਰਿੰਗ ਕਾਲਜ ਅਤੇ 16 ਨਵੇਂ ਪੋਲੀਟੈਕਨਿਕ ਦੀ ਸ਼ੁਰੂਆਤ ਕੀਤੀ ਗਈ ਹੈ।

ਗੁਵਾਹਾਟੀ ਵਿੱਚ ਨਵੇਂ ਸਾਈ ਟ੍ਰੇਨਿੰਗ ਸੈਂਟਰ ਦਾ ਨਾਮ ਸਥਾਨਕ ਖਿਡਾਰੀਆਂ ਦੇ ਨਾਮ ਉੱਤੇ ਹੋਵੇਗਾ।




### 6ਵੀਂ ਤੋਂ 10ਵੀਂ ਜਮਾਤ ਤੱਕ ਲਈ ਐਪ

**ਅਸਾਮ ਨੇ ਬਿਸਵਾ ਵਿੱਦਿਆ ਅਸਾਮ ਮੋਬਾਈਲ ਐਪਲੀਕੇਸ਼ਨ ਲਾਂਚ ਕੀਤੀ ਹੈ। ਸਿੱਕਿਮ ਐਡੂਟੈੱਕ ਐਪ ਨਾਲ ਸਿੱਕਿਮ ਦੇ ਸਾਰੇ ਸਕੂਲਾਂ ਨੂੰ ਜੋੜਿਆ ਗਿਆ ਹੈ।**

- ਮਣੀਪੁਰ ਮਾਰਸ਼ਲ ਆਰਟ ਥਾਂਗ-ਟਾ ਨੂੰ ਰਾਸ਼ਟਰੀ ਪਹਿਚਾਣ ਦੇਣ ਲਈ, ਇਸ ਨੂੰ ਖੇਲੋ ਇੰਡੀਆ ਯੂਥ ਗੇਮਸ 2021 ਵਿੱਚ ਸ਼ਾਮਲ ਕੀਤਾ ਗਿਆ ਹੈ।
- ਆਮ ਬਜਟ 2021-22 ਵਿੱਚ ਆਦਿਵਾਸੀ ਬੱਚਿਆਂ ਦੇ ਲਈ 304 ਏਕਲ ਵਿਦਿਆਲਾ ਵੀ ਪੂਰਬੀ ਭਾਰਤ ਵਿੱਚ ਖੋਲ੍ਹੇ ਜਾ ਰਹੇ ਹਨ।
- ਸਿੱਖਿਆ ਮੰਤਰਾਲੇ ਨੇ ਉੱਤਰ-ਪੂਰਬ ਵਿੱਚ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (ਪੀਪੀਪੀ) ਮੋਡ ਉੱਤੇ ਤਿੰਨ ਨਵੇਂ ਟ੍ਰਿਪਲ ਆਈਟੀ ਸਥਾਪਿਤ ਕੀਤੇ ਹਨ।

### ਹੈਲਪਲਾਈਨ "ਭਰੋਸਾ"

ਕੋਵਿਡ ਮਹਾਮਾਰੀ ਦੇ ਦੌਰਾਨ ਵਿਦਿਆਰਥੀਆਂ ਦੀ ਪਰੇਸ਼ਾਨੀ ਨੂੰ ਦੂਰ ਕਰਨ ਲਈ ਸਰਕਾਰ ਨੇ ਓਡੀਸ਼ਾ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਲਈ ਵਿਸ਼ੇਸ਼ ਹੈਲਪਲਾਈਨ "ਭਰੋਸਾ" ਸ਼ੁਰੂ ਕੀਤੀ।

ਇੰਟਰਨੈੱਟ ਕਨੈਕਟੀਵਿਟੀ ਨੂੰ ਬਿਹਤਰ ਕਰਨ ਲਈ ਉੱਤਰ-ਪੂਰਬ ਵਿੱਚ ਵਿਸ਼ੇਸ਼ ਪ੍ਰੋਜੈਕਟਾਂ ਉੱਤੇ ਕੰਮ ਕੀਤਾ ਜਾ ਰਿਹਾ ਹੈ। ਇਸ ਵਿੱਚ 2128 ਪਿੰਡਾਂ ਵਿੱਚ 2004 ਟਾਵਰ ਲਗਾਏ ਜਾਣਗੇ। ਉੱਤਰ-ਪੂਰਬ ਦੇ 6 ਹਜ਼ਾਰ ਪਿੰਡਾਂ ਨੂੰ ਇੰਟਰਨੈੱਟ ਨਾਲ ਜੋੜਿਆ ਗਿਆ ਹੈ।



ਇਸ ਮੰਤਰਾਲੇ ਦਾ ਬਜਟ ਵੀ ਨਿਰੰਤਰ ਵਧਾਇਆ ਜਾ ਰਿਹਾ ਹੈ। ਜੇ ਇਸ ਮੰਤਰਾਲੇ ਦੇ 2019-20 ਦੇ ਖਰਚ ਨੂੰ ਦੇਖੀਏ ਤਾਂ 100 ਫ਼ੀਸਦੀ ਖ਼ਰਚ ਦਾ ਰਿਕਾਰਡ ਬਣਿਆ ਹੈ। ਉੱਤਰ-ਪੂਰਬ ਤੋਂ ਬਾਹਰ ਵੀ ਪੂਰਬੀ ਭਾਰਤ ਨੂੰ ਨੀਤੀਗਤ ਸੁਧਾਰਾਂ ਦੇ ਜ਼ਰੀਏ ਨਵੀਂ ਪਹਿਚਾਣ ਦਿੱਤੀ ਜਾ ਰਹੀ ਹੈ। ਪ੍ਰਸਿੱਧ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿੱਚ ਉੱਤਰ-ਪੂਰਬ ਦੇ ਵਿਦਿਆਰਥੀਆਂ ਲਈ 27.50 ਕਰੋੜ ਰੁਪਏ ਦੀ ਲਾਗਤ ਨਾਲ ਹੋਸਟਲ ਤਿਆਰ ਹੋਣ ਵਾਲੇ ਹਨ। ਦਿੱਲੀ ਦੇ ਹੀ ਦੁਆਰਕਾ ਵਿੱਚ 116 ਕਰੋੜ ਰੁਪਏ ਦੀ ਲਾਗਤ ਨਾਲ ਨੌਰਥ ਈਸਟ ਕਨਵੈਨਸ਼ਨ ਸੈਂਟਰ ਦਾ ਕੰਮ ਚਲ ਰਿਹਾ ਹੈ।

ਕੋਰੋਨਾ ਕਾਲ ਵਿੱਚ ਵੀ ਸਰਕਾਰ ਦਾ ਫੋਕਸ ਉੱਤਰ-ਪੂਰਬ ਸਮੇਤ ਪੂਰਬੀ ਭਾਰਤ ਨੂੰ ਲੈ ਕੇ ਜ਼ਿਆਦਾ ਸੀ ਤਾਕਿ ਮਹਾਮਾਰੀ ਦੀ ਰੋਕਥਾਮ ਪ੍ਰਭਾਵੀ ਤਰੀਕੇ ਨਾਲ ਹੋ ਸਕੇ। ਇਸ ਵਿੱਚ ਪੂਰਬੀ ਭਾਰਤ ਨੇ ਨਿਰਣਾਇਕ ਭੂਮਿਕਾ ਨਿਭਾਈ। ਉੱਤਰ-ਪੂਰਬ ਦੀ ਕਿਸੇ ਵੀ ਯੋਜਨਾ ਵਿੱਚ ਦੇਰੀ ਜਾਂ ਕਮੀ ਨਾ ਰਹੇ ਇਸ ਦੇ ਲਈ ਸੰਯੁਕਤ ਸਕੱਤਰ ਪੱਧਰ ਦੇ ਅਧਿਕਾਰੀ ਨੂੰ ਚੀਫ ਨੋਡਲ ਅਫ਼ਸਰ ਅਤੇ ਡਾਇਰੈਕਟਰ ਪੱਧਰ ਦੇ ਅਧਿਕਾਰੀਆਂ ਨੂੰ ਨੋਡਲ ਅਫਸਰ ਦੇ ਰੂਪ ਵਿੱਚ ਤੈਨਾਤ ਕੀਤਾ ਗਿਆ ਹੈ, ਜਿਨ੍ਹਾਂ ਦਾ ਕੰਮ ਲਗਾਤਾਰ ਫੀਲਡ ਵਿੱਚ ਜਾ ਕੇ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕਰਨਾ ਹੈ। ਇਨ੍ਹਾਂ ਦਾ ਫੋਕਸ ਖਾਸ ਤੌਰ 'ਤੇ ਖਾਹਿਸ਼ੀ ਜ਼ਿਲ੍ਹਿਆਂ ਨੂੰ ਲੈ ਕੇ ਵੀ ਹੁੰਦਾ ਹੈ। ਉੱਤਰ-ਪੂਰਬ ਦੇ ਵਿਕਾਸ ਨੂੰ ਸੁਨਿਸ਼ਚਿਤ ਕਰਨ ਦਾ ਦ੍ਰਿਸ਼ਟੀਕੋਣ ਕਿੰਨਾ ਅਹਿਮ ਹੈ ਇਸ ਨੂੰ ਇਸ ਪਹਿਲ ਤੋਂ ਵੀ ਸਮਝਿਆ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਨੇ ਉੱਤਰ ਪੂਰਬੀ ਵਿਕਾਸ ਮੰਤਰਾਲੇ ਦੇ ਨਾਲ ਵਿਕਾਸ ਪ੍ਰੋਜੈਕਟਾਂ ਨਾਲ ਜੁੜੇ ਮੰਤਰਾਲਿਆਂ- ਵਿਭਾਗਾਂ ਦਾ ਵੀ ਇੱਕ ਸਮੂਹ ਬਣਾ ਦਿੱਤਾ ਹੈ। ਅਪ੍ਰੈਲ 2018 ਵਿੱਚ ਕੇਂਦਰ ਸਰਕਾਰ ਨੇ ਇਸ ਵਿੱਚ ਇੱਕ ਹੋਰ ਪਹਿਲ ਕੀਤੀ ਹੈ। ਨੀਤੀ ਆਯੋਗ



# ਖੇਤੀਬਾੜੀ ਅਤੇ ਫੌਰੈਸਟ੍ਰੀ

ਉੱਤਰ-ਪੂਰਬ ਖੇਤਰ ਵਿੱਚ ਖੇਤੀਬਾੜੀ ਗਤੀਵਿਧੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਲਈ ਸਰਕਾਰ ਨੇ ਕਈ ਸਾਰੀਆਂ ਪਹਿਲਾਂ ਕੀਤੀਆਂ ਹਨ।

**ਨੈਰਥ ਈਸਟ ਦਾ ਕੇਸਰ**

**ਕੇਸਰ ਦਾ ਕਟੋਰਾ ਜੋ ਹੁਣ ਤੱਕ ਕਸ਼ਮੀਰ ਤੱਕ ਹੀ ਸੀਮਤ ਸੀ ਹੁਣ ਉਸ ਦਾ ਭਾਰਤ ਦੇ ਉੱਤਰ-ਪੂਰਬ ਖੇਤਰ ਤੱਕ ਵਿਸਤਾਰ**



ਕ੍ਰਿਸ਼ੀ ਉਡਾਨ ਯੋਜਨਾ ਵਿੱਚ ਅਨਾਨਾਸ, ਅਦਰਕ, ਕੀਵੀ ਜਿਹੇ ਖੇਤੀਬਾੜੀ ਉਤਪਾਦਾਂ ਦੀ ਟਰਾਂਸਪੋਰਟੇਸ਼ਨ ਬਾਗਡੋਗਰਾ, ਗੁਵਾਹਾਟੀ ਅਤੇ ਅਗਰਤਲਾ ਹਵਾਈ ਅੱਡਿਆਂ ਤੋਂ ਸ਼ੁਰੂ ਕੀਤੀ ਗਈ।



## ਪਹਿਲਾ ਜੈਵਿਕ ਰਾਜ

ਸਿੱਕਿਮ ਲਗਭਗ 75,000 ਹੈਕਟੇਅਰ ਖੇਤੀਬਾੜੀ ਜ਼ਮੀਨ ਨੂੰ ਸਥਾਈ ਖੇਤੀ ਵਿੱਚ ਬਦਲ ਕੇ ਭਾਰਤ ਦਾ ਪਹਿਲਾ ਪੂਰੀ ਤਰ੍ਹਾਂ ਨਾਲ ਜੈਵਿਕ ਰਾਜ ਬਣ ਗਿਆ ਹੈ।



**1000 ਕਰੋੜ ਰੁਪਏ ਵੰਡੇ**

ਆਮ ਬਜਟ 2021-22 ਵਿੱਚ ਅਸਾਮ ਅਤੇ ਪੱਛਮ ਬੰਗਾਲ ਦੇ ਚਾਹ ਮਜ਼ਦੂਰਾਂ ਖ਼ਾਸ ਕਰਕੇ ਮਹਿਲਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਦੇ ਕਲਿਆਣ ਲਈ।

- ਉੱਤਰ-ਪੂਰਬ ਦੇ ਮਿਸ਼ਨ ਔਰਗੈਨਿਕ ਵੈਲਿਊ ਚੇਨ ਡਿਵੈਲਪਮੈਂਟ ਨੇ ਅਕਤੂਬਰ 2020 ਵਿੱਚ ਅਰੁਣਾਚਲ ਦੀ ਜ਼ੀਰੋ ਵੈਲੀ ਵਿੱਚ ਉਗਾਏ ਗਏ ਕੀਵੀ ਫਲ ਨੂੰ ਔਰਗੈਨਿਕ ਸਰਟੀਫਿਕੇਟ ਦਿੱਤਾ।
- ਉੱਤਰ ਪੂਰਬੀ ਰਾਜਾਂ ਵਿੱਚ ਬਾਂਸ ਦੀ ਖੇਤੀ ਦੇ ਤਹਿਤ ਲਗਭਗ 35 ਫ਼ੀਸਦੀ ਖੇਤਰ ਆਉਂਦੇ ਹਨ। ਐਕਟ ਵਿੱਚ ਸੰਸ਼ੋਧਨ ਕਰਕੇ ਸਰਕਾਰ ਨੇ ਬਾਂਸ ਨੂੰ ਰੁੱਖ ਦੀ ਬਜਾਏ ਘਾਹ ਦੇ ਰੂਪ ਦਾ ਦਰਜਾ ਦਿੱਤਾ ਹੈ ਤਾਕਿ ਇਸ ਦੀ ਕਟਾਈ ਅਤੇ ਢੁਆਈ ਵਿੱਚ ਅਸਾਨੀ ਹੋ ਸਕੇ।
- ਸਰਕਾਰ ਨੇ ਰਾਸ਼ਟਰੀ ਬਾਂਸ ਮਿਸ਼ਨ ਦੇ ਤਹਿਤ ਉੱਤਰ-ਪੂਰਬ ਸਮੇਤ 9 ਰਾਜਾਂ (ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ, ਓਡੀਸ਼ਾ, ਅਸਾਮ, ਨਾਗਾਲੈਂਡ, ਤ੍ਰਿਪੁਰਾ, ਉੱਤਰਾਖੰਡ ਅਤੇ ਕਰਨਾਟਕ) ਵਿੱਚ ਬਾਂਸ ਦੇ 22 ਕਲਸਟਰ ਸਤੰਬਰ 2020 ਵਿੱਚ ਲਾਂਚ ਕੀਤੇ।

# ਸੱਭਿਆਚਾਰ, ਖਾਨ-ਪਾਨ ਅਤੇ ਟੂਰਿਜ਼ਮ




**ਆਈਕੌਨਿਕ ਟੂਰਿਸਟ ਸਾਈਟ ਸਕੀਮ** ਦੇ ਤਹਿਤ ਦੇਸ਼ ਵਿੱਚ ਵਿਕਸਿਤ ਕੀਤੇ ਜਾਣ ਵਾਲੇ 17 ਸਥਲਾਂ ਵਿੱਚ ਕਾਜ਼ੀਰੰਗਾ ਸ਼ਾਮਲ।

ਵਿੱਚ ਇਕ ਉੱਤਰ-ਪੂਰਬ ਨੀਤੀ ਫੋਰਮ ਗਠਿਤ ਕੀਤਾ ਹੈ। ਇਸ ਵਿੱਚ ਨੀਤੀ ਆਯੋਗ ਦੇ ਉਪ ਪ੍ਰਧਾਨ ਅਤੇ ਉੱਤਰ ਪੂਰਬੀ ਵਿਕਾਸ ਮੰਤਰਾਲੇ ਦੇ ਇਲਾਵਾ ਨੀਤੀ ਆਯੋਗ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ), ਉੱਤਰ-ਪੂਰਬ ਰਾਜਾਂ ਦੇ ਮੁੱਖ ਸਕੱਤਰਾਂ, ਵਿਭਾਗਾਂ ਦੇ ਪ੍ਰਧਾਨ ਸਕੱਤਰਾਂ ਅਤੇ ਰਿਟਾਇਰ ਅਧਿਕਾਰੀਆਂ, ਅਰਥਸ਼ਾਸਤਰੀਆਂ ਅਤੇ ਸਿੱਖਿਆ ਸ਼ਾਸਤਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਫੋਰਮ ਦਾ ਕੰਮ ਯੋਜਨਾਵਾਂ ਵਿੱਚ ਆਉਣ ਵਾਲੀਆਂ ਔਕੜਾਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਦੂਰ ਕਰਨ ਦੇ ਉਪਾਵਾਂ ਦੀ ਸਿਫ਼ਾਰਸ਼ ਕਰਨਾ ਹੈ। ਇਸ ਲਈ ਵੀ ਸਮਾਂ ਸੀਮਾ ਨਿਰਧਾਰਿਤ ਹੈ।

## ਵਿਕਾਸ ਦਾ ਇੰਜਣ ਬਣ ਰਿਹਾ ਉੱਤਰ-ਪੂਰਬ

ਕੇਂਦਰ ਸਰਕਾਰ ਦੀ ਐਕਟ ਈਸਟ ਪਾਲਿਸੀ ਦਾ ਕੇਂਦਰ ਬਣ ਕੇ ਉੱਭਰੇ ਉੱਤਰ-ਪੂਰਬ ਅਤੇ ਪੱਛਮ ਬੰਗਾਲ ਪੂਰਬੀ ਭਾਰਤ ਨੂੰ ਦੇਸ਼ ਦੇ ਹੋਰ ਹਿੱਸਿਆਂ ਦੇ ਬਰਾਬਰ ਵਿਕਸਿਤ ਕਰਨ ਵਿੱਚ ਅਹਿਮ ਯੋਗਦਾਨ ਦੇ ਰਹੇ ਹਨ। ਉੱਤਰ-ਪੂਰਬ ਭਾਰਤ ਦੇ ਰਾਜ ਪੂਰਬੀ ਏਸ਼ੀਆ ਨਾਲ ਦੇਸ਼ ਦੇ ਪ੍ਰਾਚੀਨ ਸੱਭਿਆਚਾਰਕ ਸਬੰਧਾਂ ਦਾ ਪ੍ਰਵੇਸ਼ ਦੁਆਰ ਰਹੇ ਹਨ ਅਤੇ ਇਹ ਪੂਰਬੀ ਏਸ਼ੀਆ ਨਾਲ ਵਪਾਰ, ਯਾਤਰਾ ਅਤੇ ਟੂਰਿਜ਼ਮ ਦੇ ਹੱਬ ਦੇ ਤੌਰ ਉੱਤੇ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਉੱਤਰ-ਪੂਰਬ ਦੇ 8 ਰਾਜ (ਅਸ਼ਟ ਕੰਨਿਆ ਵੀ ਕਿਹਾ ਜਾਂਦਾ ਹੈ) ਜਿਨ੍ਹਾਂ ਦੀ ਸਰਹੱਦ ਪੰਜ ਦੇਸ਼ਾਂ ਬੰਗਲਾਦੇਸ਼, ਭੂਟਾਨ, ਮਿਆਂਮਾਰ, ਨੇਪਾਲ ਅਤੇ ਚੀਨ ਨਾਲ ਮਿਲਦੀ ਹੈ, ਭਾਰਤ ਦੇ ਲਈ ਰਣਨੀਤਕ ਅਤੇ ਆਰਥਿਕ ਰੂਪ ਤੋਂ ਮਹੱਤਵਪੂਰਨ ਹਨ। ਐਕਟ ਈਸਟ ਪਾਲਿਸੀ ਦਾ ਕੇਂਦਰ ਬਣੇ ਪੂਰਬੀ ਭਾਰਤ ਦੇ ਵਿਕਾਸ ਦੀ ਗਤੀ ਦਾ ਨਤੀਜਾ ਹੈ ਕਿ ਮਿਆਂਮਾਰ ਦੇ ਨਾਲ ਭਾਰਤ ਦਾ ਵਪਾਰ ਦੁੱਗਣੇ ਤੋਂ ਜ਼ਿਆਦਾ ਵਧ ਚੁੱਕਿਆ ਹੈ। ਭੂਗੋਲਿਕ ਦ੍ਰਿਸ਼ਟੀ ਨਾਲ ਵੀ ਇਹ ਖੇਤਰ ਦੱਖਣੀ ਪੂਰਬੀ ਏਸ਼ਿਆਈ ਬਜ਼ਾਰਾਂ ਤੱਕ ਭਾਰਤ ਦੀ ਪਹੁੰਚ ਦੇ ਲਈ ਗੇਟਵੇ ਦਾ ਕੰਮ ਕਰਦਾ ਹੈ। ਅੱਜ ਭਾਰਤ ਦੀ ਐਕਟ ਈਸਟ ਪਾਲਿਸੀ ਪੂਰਬੀ ਏਸ਼ਿਆਈ ਦੇਸ਼ਾਂ ਦੇ ਨਾਲ ਭਾਰਤ ਦਾ ਸੰਪਰਕ ਵਧਾ ਰਹੀ ਹੈ। ਬਿਹਤਰ ਇਨਫ੍ਰਾਸਟ੍ਰਕਚਰ ਦੇ ਕਾਰਨ ਹੀ ਅਸਾਮ ਆਤਮਨਿਰਭਰ




**“ ਜਿਸ ਨੌਰਥ ਈਸਟ ਨੂੰ ਨੇਤਾ ਜੀ ਨੇ ਭਾਰਤ ਦੀ ਆਜ਼ਾਦੀ ਦਾ ਗੇਟਵੇ ਦੱਸਿਆ ਸੀ, ਉਸ ਨੂੰ ਹੁਣ ਨਿਊ ਇੰਡੀਆ ਦੀ ਵਿਕਾਸ ਗਾਥਾ ਦਾ ਦੁਆਰ ਬਣਾਉਣ ਵਿੱਚ ਅਸੀਂ ਜੁਟੇ ਹੋਏ ਹਾਂ। - ਨਰੇਂਦਰ ਮੋਦੀ ਪ੍ਰਧਾਨ ਮੰਤਰੀ ”**

ਭਾਰਤ ਦੇ ਇੱਕ ਮਹੱਤਵਪੂਰਨ ਸੈਕਟਰ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ। ਬੀਤੇ ਸਾਲਾਂ ਵਿੱਚ ਅਸਾਮ ਦੇ ਪਿੰਡਾਂ ਵਿੱਚ ਕਰੀਬ 11 ਹਜ਼ਾਰ ਕਿਲੋਮੀਟਰ ਸੜਕਾਂ ਬਣਾਈਆਂ ਗਈਆਂ ਹਨ। ਡਾ ਭੁਪੇਨ ਹਜ਼ਾਰਿਕਾ ਸੇਤੂ ਹੋਵੇ, ਬੋਗੀਬੀਲ ਬ੍ਰਿਜ ਹੋਵੇ, ਸਰਾਇਘਾਟ ਬ੍ਰਿਜ ਹੋਵੇ, ਅਜਿਹੇ ਅਨੇਕ ਬ੍ਰਿਜ ਜੋ ਬਣ ਚੁੱਕੇ ਹਨ ਜਾਂ ਬਣ ਰਹੇ ਹਨ, ਇਨ੍ਹਾਂ ਨਾਲ ਅਸਾਮ ਦੀ ਕਨੈਕਟੀਵਿਟੀ ਮਜ਼ਬੂਤ ਹੋਈ ਹੈ। ਉੱਤਰ-ਪੂਰਬ ਜੈਵਿਕ ਖੇਤੀ ਦਾ ਕੇਂਦਰ ਬਣ ਰਿਹਾ ਹੈ ਤਾਂ ਉੱਤਰ-ਪੂਰਬ ਤੋਂ ਹੋ ਕੇ ਭਾਰਤ ਦੇ ਦੱਖਣ ਪੂਰਬੀ ਏਸ਼ਿਆਈ ਏਸ਼ੀਆ ਦੇ ਵਿਚਕਾਰ ਬੌਧ-ਹਿੰਦੂ ਸਰਕਟ ਨਾਲ ਟੂਰਿਜ਼ਮ ਨੂੰ ਉਤਸ਼ਾਹ ਮਿਲ ਰਿਹਾ ਹੈ। ਇਸ ਖੇਤਰ ਨੂੰ ਮਿਲ ਰਹੀ ਨਵੀਂ ਪਹਿਚਾਣ ਦੀ ਵਜ੍ਹਾ ਸਰਕਾਰ ਦੀਆਂ ਨੀਤੀਆਂ ਬਣੀਆਂ ਹਨ ਜੋ ਉੱਤਰ-ਪੂਰਬ ਨੂੰ ਨਾ ਸਿਰਫ਼ ਗ੍ਰੋਥ ਇੰਜਣ ਬਣਾ ਰਹੀਆਂ ਹਨ ਬਲਕਿ ਉਸ ਦੇ ਸਥਾਨਕ ਕਲਾ-ਸੱਭਿਆਚਾਰ ਨੂੰ ਵੀ ਨਵੀਂ ਪਹਿਚਾਣ ਦੇ ਰਹੀਆਂ ਹਨ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਹਨ, “ਵਣ ਉਤਪਾਦਾਂ ਦੀ ਅਪਾਰ ਸੰਪਦਾ ਜੁਟਾਉਣ ਵਾਲੇ ਆਦਿਵਾਸੀ ਸਾਥੀਆਂ ਨੂੰ ਉਨ੍ਹਾਂ ਦੇ ਖੇਤਰ ਵਿੱਚ ਹੀ ਆਧੁਨਿਕ ਪ੍ਰੋਸੈੱਸਿੰਗ ਯੂਨਿਟ ਉਪਲਬਧ ਕਰਵਾਏ ਜਾਣਗੇ। ਬਾਂਸ ਅਤੇ ਔਰਗੈਨਿਕ ਉਤਪਾਦਾਂ ਦੇ ਲਈ ਵੀ ਕਲਸਟਰ ਬਣਨਗੇ। ਸਿੱਕਿਮ ਦੀ ਤਰ੍ਹਾਂ ਪੂਰਾ ਨੌਰਥ ਈਸਟ ਔਰਗੈਨਿਕ ਖੇਤੀ ਦੇ ਲਈ ਬਹੁਤ ਵੱਡਾ ਹੱਬ ਬਣ ਸਕਦਾ ਹੈ। ਔਰਗੈਨਿਕ ਕੈਪੀਟਲ ਬਣ ਸਕਦਾ ਹੈ।”

ਨਿਸ਼ਚਿਤ ਤੌਰ ਨਾਲ ਪੂਰਵ-ਉਦੈ ਦੇ ਇਸ ਮੰਤਰ ਦੇ ਜ਼ਰੀਏ ਚਲ ਰਹੀ ਵਿਕਾਸ ਯਾਤਰਾ ਪੂਰਬੀ ਭਾਰਤ ਦੇ ਪਿਛੜੇਪਣ ਦੇ ਸ਼ਰਾਪ ਤੋਂ ਮੁਕਤ ਕਰਵਾਉਣ ਵਿੱਚ ਸਫ਼ਲ ਹੋ ਰਹੀ ਹੈ ਤਾਂ ਨੌਜਵਾਨਾਂ ਦੇ ਲਈ ਨਵੇਂ ਮੌਕੇ ਦਿਵਾਉਣ ਦੇ ਲਈ ਵੀ ਸਮਰਪਿਤ ਹੈ। ਨਿਰੰਤਰ ਚਲ ਰਹੀਆਂ ਕੋਸ਼ਿਸ਼ਾਂ ਅਤੇ ਰਾਜਾਂ ਦੇ ਨਾਲ ਬਿਹਤਰ ਤਾਲਮੇਲ ਅਤੇ ਕੋਸ਼ਿਸ਼ਾਂ ਨਾਲ ਪੂਰਬੀ ਭਾਰਤ ਨੂੰ ਆਤਮਨਿਰਭਰ ਤਾਂ ਬਣਾਇਆ ਹੀ ਜਾ ਸਕਦਾ ਹੈ, ਰਾਜਨੀਤਕ ਇੱਛਾ ਸ਼ਕਤੀ ਨਾਲ ਪੂਰਬੀ ਭਾਰਤ ਦੇ ਆਰਥਿਕ ਗੌਰਵ ਨੂੰ ਫਿਰ ਤੋਂ ਸਥਾਪਿਤ ਕਰਕੇ ਨਵੇਂ ਭਾਰਤ ਦਾ ਉਦੈ ਹੋ ਸਕਦਾ ਹੈ। ●

**ਹਲਦੀਆ ਵਿੱਚ ਵਿਕਾਸ ਯੋਜਨਾਵਾਂ ਦੀ ਸੌਗਾਤ ਦਿੰਦੇ ਪ੍ਰਧਾਨ ਮੰਤਰੀ ਦਾ ਪੂਰਾ ਭਾਸ਼ਣ ਸੁਣਨ ਲਈ QR ਕੋਡ ਸਕੈਨ ਕਰੋ।**

## ਕੈਬਨਿਟ ਦੇ ਫ਼ੈਸਲੇ

# ਕਿਸਾਨਾਂ ਦਾ ਹੋਵੇਗਾ ਕਲਿਆਣ, ਯੂਰੀਆ ਉਤਪਾਦਨ ਨੂੰ ਹੁਲਾਰਾ



**ਕਿਸਾਨਾਂ ਦਾ ਕਲਿਆਣ ਸੁਨਿਸ਼ਚਿਤ ਕਰਦੇ ਹੋਏ ਯੂਰੀਆ ਉਤਪਾਦਨ ਨੂੰ ਹੁਲਾਰਾ ਦੇਣ ਲਈ ਕੇਂਦਰੀ ਮੰਤਰੀ ਮੰਡਲ ਨੇ ਅਸਾਮ ਬ੍ਰਹਮਪੁੱਤਰ ਵੈਲੀ ਫਰਟੀਲਾਈਜ਼ਰ ਨੂੰ 100 ਕਰੋੜ ਰੁਪਏ ਦੀ ਦਿੱਤੀ ਮਨਜ਼ੂਰੀ, ਜਿਸ ਨਾਲ ਉੱਤਰ-ਪੂਰਬ ਖੇਤਰ ਵਿੱਚ ਖਾਸ ਤੌਰ 'ਤੇ ਅਸਾਮ ਵਿੱਚ ਚਾਹ ਉਦਯੋਗ ਅਤੇ ਖੇਤੀਬਾੜੀ ਖੇਤਰ ਨੂੰ ਸਮੇਂ 'ਤੇ ਯੂਰੀਆ ਹੋਵੇਗਾ ਉਪਲਬਧ। ਇਸ ਪਹਿਲ ਨਾਲ ਉੱਤਰ-ਪੂਰਬ ਦੇਸ਼ ਨੂੰ ਆਤਮਨਿਰਭਰ ਬਣਾਉਣ ਅਤੇ ਆਰਥਿਕ ਵਿਕਾਸ ਵਿੱਚ ਨਿਭਾਏਗਾ ਅਹਿਮ ਭੂਮਿਕਾ।**

**ਫ਼ੈਸਲਾ:**

**ਅਸਾਮ ਦੇ ਬ੍ਰਹਮਪੁੱਤਰ ਵੈਲੀ ਫਰਟੀਲਾਈਜ਼ਰ ਕਾਰਪੋਰੇਸ਼ਨ ਲਿਮਿਟਿਡ ਨੂੰ 100 ਕਰੋੜ ਰੁਪਏ ਦੀ ਸਹਾਇਤਾ ਨੂੰ ਮਨਜ਼ੂਰੀ।**

**ਪ੍ਰਭਾਵ:** ਇਸ ਅਨੁਦਾਨ ਸਹਾਇਤਾ ਨਾਲ ਹਰ ਸਾਲ 3.90 ਲੱਖ ਮੀਟ੍ਰਿਕ ਟਨ ਯੂਰੀਆ ਉਤਪਾਦਨ ਯੋਗਤਾ ਬਹਾਲ ਹੋਵੇਗੀ।

- ਪੂਰੇ ਉੱਤਰ-ਪੂਰਬ ਖੇਤਰ ਵਿੱਚ ਚਾਹ ਉਦਯੋਗ ਅਤੇ ਖੇਤੀਬਾੜੀ ਖੇਤਰ ਨੂੰ ਯੂਰੀਆ ਦੀ ਸਮੇਂ 'ਤੇ ਉਪਲਬਧਤਾ ਸੁਨਿਸ਼ਚਿਤ ਹੋਵੇਗੀ।
- ਇਸ ਦੇ ਨਾਲ ਤਕਰੀਬਨ 580 ਕਰਮਚਾਰੀਆਂ ਨੂੰ ਸਥਾਈ ਅਧਾਰ ਉੱਤੇ ਅਤੇ 1500 ਲੋਕਾਂ ਨੂੰ ਮੌਜੂਦਾ ਰੋਜ਼ਗਾਰ ਜਾਰੀ ਰਹੇਗਾ।
- ਇਸ ਤੋਂ ਇਲਾਵਾ ਇਸ ਪ੍ਰਤਿਸ਼ਠਾਨ ਨਾਲ 28 ਹਜ਼ਾਰ ਲੋਕਾਂ ਨੂੰ ਅਪ੍ਰਤੱਖ ਰੂਪ ਵਿੱਚ ਲਾਭ ਮਿਲ ਰਿਹਾ ਹੈ।
- ਇਸ ਸਹਾਇਤਾ ਅਨੁਦਾਨ ਦਾ ਪ੍ਰਸਤਾਵ ਖਾਦ ਵਿਭਾਗ ਨੇ ਕੀਤਾ ਸੀ ਜਿਸ ਨੂੰ ਕੈਬਨਿਟ ਨੇ ਮਨਜ਼ੂਰੀ ਦਿੱਤੀ ਹੈ।
- ਬ੍ਰਹਮਪੁੱਤਰ ਵੈਲੀ ਫਰਟੀਲਾਈਜ਼ਰ ਕਾਰਪੋਰੇਸ਼ਨ ਲਿਮਿਟਿਡ (ਬੀਵੀਐੱਫ਼ਸੀਐੱਲ), ਨਾਮਰੂਪ ਕੇਂਦਰ ਸਰਕਾਰ ਦੇ ਖਾਦ ਵਿਭਾਗ ਦੇ ਪ੍ਰਸ਼ਾਸਨਿਕ ਨਿਯੰਤ੍ਰਣ ਦੇ ਤਹਿਤ ਇੱਕ ਜਨਤਕ ਖੇਤਰ ਦਾ ਅਦਾਰਾ ਹੈ। ●

# ਭੂਪੇਨ ਦਾ; ਜੋ ਹਿੰਦੀ ਵਿੱਚ ਲਿਆਏ ਅਸਾਮ ਦੀ ਮਹਿਕ



**ਵਿਸ਼ਾਲ ਬ੍ਰਹਮਪੁੱਤਰ, ਵਣ ਜੀਵਨ-ਹਰਿਆਲੀ, ਬਗਾਨਾਂ ਵਿੱਚ ਮਹਿਕਦੀ ਚਾਹ ਦੀ ਖੁਸ਼ਬੂ ਦੇ ਨਾਲ ਆਪਣੇ ਲੋਕ ਸੱਭਿਆਚਾਰ ਅਤੇ ਸੰਗੀਤ ਦੇ ਮਾਮਲੇ ਵਿੱਚ ਪੂਰਬੀ ਭਾਰਤ ਜਿੰਨਾ ਅਦੁੱਤੀ ਹੈ, ਉਨੇ ਹੀ ਅਦੁੱਤੀ ਹਨ ਭੂਪੇਨ ਹਜ਼ਾਰਿਕਾ, ਕਿਉਂਕਿ ਸ਼ਾਇਦ ਉਨ੍ਹਾਂ ਦੇ ਸੰਗੀਤ ਦਾ ਅਸਰ ਸੀ ਜਿਸ ਨਾਲ ਇਨ੍ਹਾਂ ਵਿਸ਼ੇਸ਼ਤਾਵਾਂ ਦੀ ਝਲਕ ਹਿੰਦੀ ਵਿੱਚ ਮਿਲ ਪਾਈ। ਜੇ ਸਿੱਧੇ ਸਰਲ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਉਹ ਅਸਾਮ ਦੇ ਚਾਹ ਬਗਾਨਾਂ ਦੀ ਖੁਸ਼ਬੂ, ਅਰੁਣਾਚਲ ਵਿੱਚ ਸਭ ਤੋਂ ਪਹਿਲਾਂ ਚੜ੍ਹਨ ਵਾਲੇ ਸੂਰਜ ਦੀਆਂ ਕਿਰਨਾਂ ਦਾ ਤੇਜ ਅਤੇ ਉੱਥੇ ਦੀਆਂ ਵਾਦੀਆਂ ਦੀ ਹਰਿਆਲੀ ਨੂੰ ਹਿੰਦੀ ਸੰਗੀਤ ਹੀ ਨਹੀਂ ਪੂਰੇ ਭਾਰਤ ਵਿੱਚ ਫੈਲਾਉਣ ਵਾਲੇ ਸ਼ਖਸ ਸਨ**

**ਜਨਮ: 8 ਸਤੰਬਰ 1926 | ਮੌਤ: 5 ਨਵੰਬਰ 2011**

ਅਸਾਮ ਦੇ ਸਦੀਆ ਕਸਬੇ ਵਿੱਚ ਪੈਦਾ ਹੋਏ ਭੂਪੇਨ ਹਜ਼ਾਰਿਕਾ ਨੇ 11 ਸਾਲ ਦੀ ਉਮਰ ਵਿੱਚ ਆਪਣੀ ਆਵਾਜ਼ ਵਿੱਚ ਆਪਣਾ ਪਹਿਲਾ ਗੀਤ ਰਿਕਾਰਡ ਕੀਤਾ ਸੀ। ਕਿਹਾ ਜਾਂਦਾ ਹੈ ਕਿ ਸੰਗੀਤ ਵਿੱਚ ਜਿਨ੍ਹਾਂ ਦਾ ਮਨ ਰਮਦਾ ਹੈ, ਉਨ੍ਹਾਂ ਨੂੰ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ ਹੁੰਦਾ। ਪਰ, ਭੂਪੇਨ ਦਾ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸਤਰ ਵਿੱਚ ਬੀਏ ਅਤੇ ਐੱਮਏ ਕੀਤੀ। ਸਕਾਲਰਸ਼ਿਪ ਮਿਲਿਆ ਤਾਂ 'ਮਾਸ ਕਮਿਊਨੀਕੇਸ਼ਨ' ਵਿੱਚ ਡਾਕਟਰੇਟ ਕਰਨ ਲਈ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਚਲੇ ਗਏ। ਇੱਥੇ ਉਨ੍ਹਾਂ ਨੇ ਫ਼ਿਲਮਾਂ ਬਾਰੇ ਪੜ੍ਹਿਆ ਅਤੇ ਸਿੱਖਿਆ। ਇੱਥੇ ਹੀ ਉਨ੍ਹਾਂ ਦੀ ਪਹਿਚਾਣ ਹੋਈ ਅਮਰੀਕੀ ਗਾਇਕ ਪੌਲ ਰੌਬਸਨ ਨਾਲ। ਪੌਲ ਰੌਬਸਨ ਸਿਵਿਲ ਅਧਿਕਾਰਾਂ ਲਈ ਲੜਨ ਵਾਲੇ ਐਕਟਿਵਿਸਟ (ਕਾਰਕੁਨ) ਸਨ। ਕਿਹਾ ਜਾਂਦਾ ਹੈ ਰੌਬਸਨ ਤੋਂ ਗਾਣਾ ਸਿੱਖਣ ਉੱਤੇ ਉਨ੍ਹਾਂ ਨੂੰ 7 ਦਿਨ ਜੇਲ੍ਹ ਦੀ ਹਵਾ ਖਾਣੀ ਪਈ ਸੀ ਅਤੇ ਰੌਬਸਨ ਦੇ ਮਿਸੀਸਿਪੀ ਨਦੀ ਉੱਤੇ ਲਿਖੇ ਗਏ ਪ੍ਰਸਿੱਧ ਗੀਤ 'ਓਲਡ ਰਿਵਰ ਮੈਨ' ਤੋਂ ਪ੍ਰੇਰਿਤ ਹੋ ਕੇ ਭੂਪੇਨ ਦਾ ਨੇ 'ਓ ਗੰਗਾ ਬਹਿਚੇ ਕੇਨੋ' (ਓ ਗੰਗਾ ਬਹਿਤੀ ਹੋ ਕਿਉਂ) ਦੀ ਰਚਨਾ ਕੀਤੀ। ਪੇਸ਼ੇ ਤੋਂ ਕਵੀ, ਸੰਗੀਤਕਾਰ, ਗਾਇਕ, ਅਭਿਨੇਤਾ, ਪੱਤਰਕਾਰ, ਲੇਖਕ, ਨਿਰਮਾਤਾ, ਸਵੈਘੋਸ਼ਿਤ 'ਜਾਜਾਬੋਰ' (ਰਮਤਾ ਜੋਗੀ) ਹਜ਼ਾਰਿਕਾ ਨੇ ਅਸਾਮ ਦੇ ਸਮ੍ਰਿੱਧ ਲੋਕ ਸੱਭਿਆਚਾਰ ਨੂੰ ਗੀਤਾਂ ਦੇ ਮਾਧਿਅਮ ਨਾਲ ਪੂਰੀ ਦੁਨੀਆ ਵਿੱਚ ਪਹੁੰਚਾਇਆ।

ਅਮਰੀਕਾ ਤੋਂ ਭਾਰਤ ਮੁੜਨ ਉੱਤੇ ਉਨ੍ਹਾਂ ਨੂੰ ਆਰਥਿਕ ਸੰਘਰਸ਼ ਤੋਂ ਵੀ ਗੁਜਰਨਾ ਪਿਆ। ਦਿਲ ਵਿੱਚ ਭਾਰਤ ਅਤੇ ਉਸ ਵਿੱਚ ਵੀ ਉੱਤਰ-ਪੂਰਬ ਦੀ ਮਹਿਕ ਲਈ ਹੋਏ ਭੂਪੇਨ ਦਾ ਮੂਲ ਰੂਪ ਵਿੱਚ ਅਸਾਮੀ ਅਤੇ ਬਾਂਗਲਾ ਵਿੱਚ ਲਿਖਦੇ ਸਨ। ਹਿੰਦੀ ਵਿੱਚ ਉਨ੍ਹਾਂ ਨੂੰ ਪਹਿਚਾਣ ਮਿਲੀ 1993 ਵਿੱਚ ਫਿਲਮ 'ਰੁਦਾਲੀ' ਤੋਂ। ਇਸ ਫ਼ਿਲਮ ਦਾ ਗੀਤ 'ਦਿਲ ਹੂਮ ਹੂਮ ਕਰੇ' ਅੱਜ ਵੀ ਸਰੋਤਿਆਂ ਨੂੰ ਸੰਗੀਤ ਦੀ ਅਲੱਗ ਹੀ ਦੁਨੀਆ ਵਿੱਚ ਲੈ ਜਾਂਦਾ ਹੈ। ਇਹ ਗੀਤ ਉਨ੍ਹਾਂ ਦੇ ਅਸਾਮੀ ਗੀਤ 'ਬੁਕੁ ਹੁਮ ਹੁਮ ਕਰੇ' ਦਾ ਹਿੰਦੀ ਰੂਪਾਂਤਰਣ ਸੀ, ਜਿਸ ਵਿੱਚ ਬੋਲ ਗੁਲਜ਼ਾਰ ਦੇ ਸਨ। ਭੂਪੇਨ ਦਾ ਨੇ ਕਈ ਲੋਕ ਗੀਤਾਂ ਅਤੇ ਕਹਾਣੀਆਂ ਨੂੰ ਬੈਲਾਰਡ ਫਾਰਮ ਵਿੱਚ ਕੰਪੋਜ਼

**ਦਿਲ ਵਿੱਚ ਭਾਰਤ ਅਤੇ ਉਸ ਵਿੱਚ ਵੀ ਉੱਤਰ-ਪੂਰਬ ਦੀ ਮਹਿਕ ਲਏ ਹੋਏ ਭੂਪੇਨ ਦਾ ਮੂਲ ਰੂਪ ਵਿੱਚ ਅਸਾਮੀ ਅਤੇ ਬਾਂਗਲਾ ਵਿੱਚ ਲਿਖਦੇ ਸਨ**

ਕੀਤਾ। ਬੈਲਾਰਡ ਮਤਲਬ ਸਿੱਧੇ ਸਰਲ ਸ਼ਬਦਾਂ ਵਾਲੇ ਲੋਕ ਗੀਤ ਜਿਹੇ ਗਾਣੇ ਜਿਨ੍ਹਾਂ ਵਿੱਚ ਇੱਕ ਕਹਾਣੀ ਹੁੰਦੀ ਹੈ। ਗੰਗਾ ਬਹਿਤੀ ਹੋ ਕਿਉਂ ਤੋਂ ਇਲਾਵਾ ਜ਼ਿਮੀਂਦਾਰਾਂ ਦੇ ਕਿਸਾਨਾਂ ਦੇ ਮੋਢਿਆਂ ਉੱਤੇ ਪਾਲਕੀ ਵਿੱਚ ਬੈਠ ਕੇ ਚਲਣ ਨੂੰ ਰੂਪਕ ਲੈਂਦੇ ਹੋਏ ਉਨ੍ਹਾਂ ਨੇ 'ਹੇ ਡੋਲਾ, ਰੇ ਡੋਲਾ' ਰਚਿਆ। 'ਰੁਦਾਲੀ' ਤੋਂ ਇਲਾਵਾ 'ਮਿਲ ਗਈ ਮੰਜ਼ਿਲ ਮੁਝੇ', 'ਸਾਜ਼', 'ਦਰਮਿਯਾਂ', 'ਗਜਗਾਮਿਨੀ', 'ਦਮਨ' ਅਤੇ 'ਕਿਉਂ' ਜਿਹੀਆਂ ਸੁਪਰਹਿੱਟ ਫ਼ਿਲਮਾਂ ਵਿੱਚ ਵੀ ਉਨ੍ਹਾਂ ਨੇ ਗੀਤ ਦਿੱਤੇ। ਹਜ਼ਾਰਿਕਾ ਨੇ ਆਪਣੇ ਜੀਵਨ ਵਿੱਚ ਇੱਕ ਹਜ਼ਾਰ ਗਾਣੇ ਅਤੇ 15 ਕਿਤਾਬਾਂ ਲਿਖੀਆਂ। ਉੱਤਰ-ਪੂਰਬ ਅਤੇ ਅਸਾਮ ਨੂੰ ਨੇੜੇ ਲਿਆਉਣ ਲਈ ਭੂਪੇਨ ਦਾ ਪੂਰੀ ਜ਼ਿੰਦਗੀ ਕੋਸ਼ਿਸ਼ ਕਰਦੇ ਰਹੇ। ਆਪਣੀ ਇਸੇ ਲਲਕ ਲਈ ਉਨ੍ਹਾਂ ਨੂੰ 'ਬਾਰਡ ਆਵ੍ ਲੋਇਤ' (ਲੋਇਤ ਕਾ ਚਾਰਨ) ਵੀ ਕਿਹਾ ਗਿਆ। ਲੋਇਤ ਅਸਾਮ ਵਿੱਚ ਬ੍ਰਹਮਪੁੱਤਰ ਨੂੰ ਕਹਿੰਦੇ ਹਨ। ਇਸੇ ਲਈ ਸਾਲ 2017 ਵਿੱਚ ਅਸਾਮ ਅਤੇ ਅਰੁਣਾਚਲ ਪ੍ਰਦੇਸ਼ ਦੀ ਦੂਰੀ ਘੱਟ ਕਰਨ ਵਾਲਾ ਦੇਸ਼ ਦਾ ਸਭ ਤੋਂ ਲੰਬਾ ਧੋਲਾ-ਸਦੀਆ ਪੁਲ਼ ਜਦੋਂ ਸ਼ੁਰੂ ਕੀਤਾ ਗਿਆ ਤਾਂ ਇਸ ਦਾ ਨਾਮ ਭੂਪੇਨ ਹਜ਼ਾਰਿਕਾ ਦੇ ਨਾਮ 'ਤੇ ਰੱਖਿਆ ਗਿਆ। ਭੂਪੇਨ ਦਾ ਨੂੰ 1975 ਵਿੱਚ ਸਰਵੋਤਮ ਖੇਤਰੀ ਫ਼ਿਲਮ ਦੇ ਲਈ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ ਸੀ। ਸਾਲ 1992 ਵਿੱਚ ਉਨ੍ਹਾਂ ਨੂੰ ਦਾਦਾ ਸਾਹਿਬ ਫਾਲਕੇ ਸਨਮਾਨ ਨਾਲ ਵੀ ਨਿਵਾਜਿਆ ਗਿਆ। ਸਾਲ 2019 ਵਿੱਚ ਉਨ੍ਹਾਂ ਨੂੰ ਦੇਸ਼ ਦਾ ਸਰਵਉੱਚ ਸਨਮਾਨ ਭਾਰਤ ਰਤਨ ਦਿੱਤਾ ਗਿਆ। ●



# 9 ਮਹੀਨੇ ਬਾਅਦ ਨਿਕਲਿਆ ਹੱਲ, ਰੱਖਿਆ ਮੰਤਰੀ ਬੋਲੇ-ਅਸੀਂ ਭਾਰਤ ਦੀ ਇੱਕ ਇੰਚ ਜ਼ਮੀਨ ਕਿਸੇ ਨੂੰ ਨਹੀਂ ਲੈਣ ਦੇਵਾਂਗੇ

**ਭਾਰਤ ਕਦੇ ਕਿਸੇ ਵੀ ਦੇਸ਼ ਦੀਆਂ ਸੀਮਾਵਾਂ ਦਾ ਅਤਿਕ੍ਰਮਣ ਨਹੀਂ ਕਰਦਾ। ਲੇਕਿਨ ਆਪਣੀ ਸੁਰੱਖਿਆ ਦੇ ਲਈ ਜੋ ਵੀ ਕੋਸ਼ਿਸ਼ ਕਰਨੀ ਪੈਂਦੀ ਹੈ, ਉਹ ਕਰਦਾ ਹੈ। ਇਸੇ ਦਾ ਨਤੀਜਾ ਹੈ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਵਿੱਚ ਪੈਂਗੌਂਗ ਝੀਲ ਦੇ ਕਿਨਾਰੇ 9 ਮਹੀਨਿਆਂ ਤੋਂ ਜਾਰੀ ਸੀਮਾ ਵਿਵਾਦ ਹੁਣ ਸੁਲਝਣ ਵੱਲ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 11 ਫਰਵਰੀ ਨੂੰ ਸੰਸਦ ਵਿੱਚ ਇਸ ਉੱਤੇ ਬਿਆਨ ਵੀ ਦਿੱਤਾ।**

ਭਾਰਤ ਅਤੇ ਚੀਨੀ ਸੈਨਾਵਾਂ ਦੇ ਦਰਮਿਆਨ ਹੋਏ ਸਮਝੌਤੇ ਤਹਿਤ ਪੈਂਗੌਂਗ ਝੀਲ ਦੇ ਉੱਤਰੀ ਅਤੇ ਦੱਖਣੀ ਤਟ ਉੱਤੇ ਰੱਖਿਆ ਬਲਾਂ ਦੀ ਵਾਪਸੀ ਸ਼ੁਰੂ ਹੋ ਗਈ ਹੈ। ਇਸ ਇਲਾਕੇ ਵਿੱਚ ਭਾਰਤ-ਚੀਨ ਦੇ ਦਰਮਿਆਨ ਪਿਛਲੇ ਸਾਲ ਮਈ ਵਿੱਚ ਤਣਾਅ ਸੀ। ਜੂਨ ਤੋਂ ਇਹ ਸਿਖਰ ਉੱਤੇ ਜਾ ਪਹੁੰਚਿਆ ਜਦ ਭਾਰਤੀ ਇਲਾਕੇ ਵਿੱਚ ਵੜੀ ਚੀਨੀ ਸੈਨਾ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਗਲਵਾਨ ਘਾਟੀ ਵਿੱਚ ਹਿੰਸਕ ਸੰਘਰਸ਼ ਹੋ ਗਿਆ ਸੀ। ਇਸ ਤੋਂ ਬਾਅਦ ਦੋਨਾਂ ਦੇਸ਼ਾਂ ਦੇ ਦਰਮਿਆਨ ਡਿਪਲੋਮੈਟਿਕ ਅਤੇ ਸੈਨਾ ਦੇ ਪੱਧਰ ਉੱਤੇ 9 ਦੌਰ ਵਿੱਚ ਚਲੀ ਗੱਲਬਾਤ ਤੋਂ ਬਾਅਦ ਸਹਿਮਤੀ ਬਣ ਗਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਅਸੀਂ ਆਪਣੀ ਇੱਕ ਇੰਚ ਜ਼ਮੀਨ ਵੀ ਕਿਸੇ ਹੋਰ ਨੂੰ ਨਹੀਂ ਲੈਣ ਦੇਵਾਂਗੇ। ਸਾਡੇ ਦ੍ਰਿੜ੍ਹ ਸੰਕਲਪ ਦਾ ਹੀ ਇਹ ਨਤੀਜਾ ਹੈ ਕਿ ਅਸੀਂ ਸਮਝੌਤੇ ਦੀ ਸਥਿਤੀ ਉੱਤੇ ਪਹੁੰਚ ਗਏ ਹਾਂ। ਇਸ ਗੱਲਬਾਤ ਵਿੱਚ ਅਸੀਂ ਕੁਝ ਵੀ ਗੁਆਇਆ ਨਹੀਂ ਹੈ।

## ਦੋਹਾਂ ਦੇਸ਼ਾਂ ਦੇ ਦਰਮਿਆਨ ਸਮਝੌਤੇ ਦੇ ਤਿੰਨ ਮੁੱਖ ਬਿੰਦੂ

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਐੱਲਏਸੀ ਦੇ ਪਾਸ ਕਈ ਵਾਰ ਘੁਸਪੈਠ ਦੀ ਕੋਸ਼ਿਸ਼ ਕੀਤੀ ਗਈ। ਜਿਸ ਦਾ ਭਾਰਤੀ ਸੈਨਾ ਨੇ ਆਪਣੇ ਸ਼ੌਰਿਆ ਅਤੇ ਬਹਾਦਰੀ ਨਾਲ ਜਵਾਬ ਦਿੱਤਾ ਹੈ। ਰਣਨੀਤਕ ਤੌਰ 'ਤੇ ਅਹਿਮ ਇਲਾਕਿਆਂ ਦੀ ਪਹਿਚਾਣ ਕਰਕੇ ਸਾਡੀਆਂ ਸੈਨਾਵਾਂ ਉੱਥੇ ਮੌਜੂਦ ਹਨ। ਅਸੀਂ ਚੀਨ ਨੂੰ ਦੱਸ ਦਿੱਤਾ ਹੈ ਕਿ ਤਿੰਨ ਸਿਧਾਂਤਾਂ ਦੇ ਅਧਾਰ ਉੱਤੇ ਅਸੀਂ ਸਮੱਸਿਆ ਦਾ ਸਮਾਧਾਨ ਚਾਹੁੰਦੇ ਹਾਂ ...

1. **ਦੋਵੇਂ ਦੇਸ਼ ਐੱਲਏਸੀ ਨੂੰ ਮੰਨਣ ਅਤੇ ਉਸ ਦਾ ਆਦਰ ਕਰਨ।**
2. **ਕੋਈ ਵੀ ਦੇਸ਼ ਮੌਜੂਦਾ ਹਾਲਾਤ ਬਦਲਣ ਦੀ ਇੱਕ ਤਰਫ਼ਾ ਕੋਸ਼ਿਸ਼ ਨਾ ਕਰੇ।**
3. **ਦੋਵੇਂ ਦੇਸ਼ ਸਾਰੇ ਸਮਝੌਤਿਆਂ ਨੂੰ ਪੂਰੀ ਤਰ੍ਹਾਂ ਮੰਨਣ।**



## ਦੋਹਾਂ ਦੇਸ਼ਾਂ ਦੀ ਇਨ੍ਹਾਂ ਮੁੱਦਿਆਂ ਉੱਤੇ ਸਹਿਮਤੀ ਬਣੀ ਹੈ

- ਦੋਨੋਂ ਦੇਸ਼ਾਂ ਦੀਆਂ ਜੋ ਟੁਕੜੀਆਂ ਹੁਣ ਤੱਕ ਇੱਕ ਦੂਸਰੇ ਦੇ ਬੇਹੱਦ ਨੇੜੇ ਤੈਨਾਤ ਸਨ, ਉਹ ਪਿੱਛੇ ਹਟਣਗੀਆਂ।
- ਚੀਨ ਆਪਣੀਆਂ ਟੁਕੜੀਆਂ ਨੂੰ ਪੈਂਗੌਂਗ ਝੀਲ ਦੇ ਉੱਤਰੀ ਤਟ ਉੱਤੇ ਫਿੰਗਰ 8 ਦੇ ਪੂਰਬ ਵੱਲ ਰੱਖੇਗਾ। ਭਾਰਤ ਆਪਣੀਆਂ ਟੁਕੜੀਆਂ ਨੂੰ ਫਿੰਗਰ 3 ਦੇ ਨੇੜੇ ਸਥਾਈ ਥਨਸਿੰਘ ਥਾਪਾ ਪੋਸਟ ਉੱਤੇ ਰੱਖੇਗਾ। ਡਿਸਇਨਗੇਜਮੈਂਟ ਦੇ 48 ਘੰਟਿਆਂ ਦੇ ਅੰਦਰ ਸੀਨੀਅਰ ਕਮਾਂਡਰ ਪੱਧਰ ਦੀ ਗੱਲਬਾਤ ਹੋਵੇਗੀ ਅਤੇ ਬਚੇ ਹੋਏ ਮੁੱਦਿਆਂ ਦਾ ਵੀ ਹੱਲ ਕੱਢਿਆ ਜਾਵੇਗਾ।
- ਪੈਂਗੌਂਗ ਝੀਲ ਦੇ ਉੱਤਰੀ ਕਿਨਾਰੇ ਦੀ ਤਰ੍ਹਾਂ ਦੱਖਣੀ ਕਿਨਾਰੇ ਉੱਤੇ ਵੀ ਇਸੇ ਤਰ੍ਹਾਂ ਰੱਖਿਆ ਬਲ ਪੁਰਾਣੀ ਸਥਿਤੀ ਵਿੱਚ ਵਾਪਸ ਆਉਣਗੇ।
- ਅਪ੍ਰੈਲ 2020 ਤੋਂ ਦੋਹਾਂ ਦੇਸ਼ਾਂ ਨੇ ਪੈਂਗੌਂਗ ਝੀਲ ਦੇ ਉੱਤਰੀ ਅਤੇ ਦੱਖਣੀ ਕਿਨਾਰੇ ਉੱਤੇ ਜੋ ਵੀ ਨਿਰਮਾਣ ਕੀਤੇ ਹਨ ਉਨ੍ਹਾਂ ਨੂੰ ਹਟਾਇਆ ਜਾਵੇਗਾ ਅਤੇ ਪਹਿਲੀ ਸਥਿਤੀ ਕਾਇਮ ਕੀਤੀ ਜਾਵੇਗੀ।
- ਦੋਨੋਂ ਦੇਸ਼ ਉੱਤਰੀ ਕਿਨਾਰੇ ਉੱਤੇ ਪੈਟਰੋਲਿੰਗ ਨੂੰ ਫਿਲਹਾਲ ਰੋਕ ਦੇਣਗੇ। ●



# ਦੁਨੀਆ ਨੇ ਦੇਖੀ ਆਤਮਨਿਰਭਰ ਭਾਰਤ ਦੀ ਤਾਕਤ

**ਭਵਿੱਖ ਦੀਆਂ ਰੱਖਿਆ ਚੁਣੌਤੀਆਂ ਨੂੰ ਦੇਖਦੇ ਹੋਏ ਅੱਜ ਹਰ ਦੇਸ਼ ਆਪਣੀ ਹਵਾਈ ਸੈਨਾ ਦੀਆਂ ਯੋਗਤਾਵਾਂ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਦੇ ਲਈ ਜ਼ਰੂਰਤ ਹੈ ਆਧੁਨਿਕ ਤਕਨੀਕ ਅਤੇ ਉੱਨਤ ਏਅਰਕ੍ਰਾਫਟ ਦੇ ਨਾਲ ਬਿਹਤਰੀਨ ਹਥਿਆਰਾਂ ਦੀ। ਅਤੇ ਇਸ ਦੇ ਲਈ ਦੁਨੀਆ ਭਰ ਵਿੱਚ ਕਈ ਜਗ੍ਹਾ ਸ਼ੋਅ ਆਯੋਜਿਤ ਕੀਤੇ ਜਾਂਦੇ ਹਨ। ਲੇਕਿਨ ਏਅਰੋ ਇੰਡੀਆ ਸ਼ੋਅ ਏਅਰੋਸਪੇਸ ਅਤੇ ਰੱਖਿਆ ਦੇ ਲਈ ਏਸ਼ੀਆ ਦੀ ਸਭ ਤੋਂ ਵੱਡੀ ਅਤੇ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਪ੍ਰਦਰਸ਼ਨੀ ਹੈ। ਏਅਰੋ ਇੰਡੀਆ ਦੇ 13ਵੇਂ ਸੰਸਕਰਣ ਵਿੱਚ ਇਸ ਵਾਰ ਦੁਨੀਆ ਨੇ ਦੇਖੀ ਆਤਮਨਿਰਭਰ ਭਾਰਤ ਦੀ ਤਾਕਤ ...**

ਏਅਰੋ ਇੰਡੀਆ ਸ਼ੋਅ ਸਾਲ 1996 ਤੋਂ ਬੰਗਲੁਰੂ ਦੇ ਯੇਲਹਾਂਕਾ ਏਅਰਬੇਸ ਉੱਤੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਵਾਰ 3 ਤੋਂ 5 ਫਰਵਰੀ ਤੱਕ ਆਯੋਜਿਤ ਇਸ ਦਾ 13ਵਾਂ ਸੰਸਕਰਣ ਕਈ ਮਾਅਨੇ ਵਿੱਚ ਖਾਸ ਰਿਹਾ। ਇਸ ਤੋਂ ਪਹਿਲਾਂ ਦੂਜੇ ਦੇਸ਼ਾਂ ਦੀਆਂ ਕੰਪਨੀਆਂ ਇੱਥੇ ਆ ਕੇ ਆਪਣੀ ਤਕਨੀਕ ਦਾ ਪ੍ਰਦਰਸ਼ਨ ਕਰਦੀਆਂ ਸਨ ਅਤੇ ਭਾਰਤੀ ਕੰਪਨੀਆਂ ਉਨ੍ਹਾਂ ਨਾਲ ਹੱਥ ਮਿਲਾ ਕੇ ਇਹ ਤਕਨੀਕ ਹਾਸਲ ਕਰਦੀਆਂ ਸਨ। ਲੇਕਿਨ ਪਹਿਲੀ ਵਾਰ ਇਹ ਸਥਿਤੀ ਉਲਟ ਚੁੱਕੀ ਹੈ। ਦੁਨੀਆ ਨੇ ਪਹਿਲੀ ਵਾਰ ਯੇਲਹਾਂਕਾ ਏਅਰਬੇਸ ਉੱਤੇ ਆਤਮਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਦੇ ਨਾਲ ਸਾਡੀ ਤਾਕਤ ਦੀ ਨਵੀਂ ਝਲਕ ਦੇਖੀ। ਏਅਰੋ ਇੰਡੀਆ ਸ਼ੋਅ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ, '121 ਸਹਿਮਤੀ ਪੱਤਰ, 19 ਟਰਾਂਸਫਰ ਆਫ੍ ਟੈਕਨੋਲੋਜੀ, 4 ਹੈਂਡਿੰਗ ਓਵਰ, 18 ਪ੍ਰੋਡਕਟ ਲਾਂਚ ਅਤੇ 32 ਪ੍ਰਮੁੱਖ ਐਲਾਨ ਸੰਕੇਤ ਹਨ ਕਿ ਏਅਰੋ ਇੰਡੀਆ 2021 ਸ਼ਾਨਦਾਰ ਰੂਪ ਨਾਲ ਸਫ਼ਲ ਰਿਹਾ ਹੈ।'

## ਐੱਚਏਐੱਲ ਦੇ ਨਾਲ 83 ਤੇਜਸ ਜਹਾਜ਼ਾਂ ਲਈ ਕਰਾਰ


ਇਹੀ ਨਹੀਂ, ਸ਼ੋਅ ਦੇ ਪਹਿਲੇ ਦਿਨ ਹੀ ਭਾਰਤੀ ਵਾਯੂ ਸੈਨਾ ਨੇ 83 ਤੇਜਸ ਮਾਰਕ 1 ਜਹਾਜ਼ਾਂ ਲਈ ਹਿੰਦੁਸਤਾਨ ਏਅਰੋਨੋਟਿਕਸ ਲਿਮਿਟਿਡ (ਐੱਚਏਐੱਲ) ਦੇ ਨਾਲ ਕਰਾਰ ਵੀ ਕੀਤਾ। ਇਨ੍ਹਾਂ ਵਿੱਚੋਂ 73 ਐੱਲਸੀਏ ਤੇਜਸ ਮਾਰਕ 1 ਏ ਲੜਾਕੂ ਜਹਾਜ਼ ਅਤੇ 10 ਐੱਲਸੀਏ ਤੇਜਸ ਮਾਰਕ 1 ਟ੍ਰੇਨਿੰਗ ਜਹਾਜ਼ ਹੋਣਗੇ। 48,000 ਕਰੋੜ ਰੁਪਏ ਦਾ ਇਹ ਕਰਾਰ ਰੱਖਿਆ ਖੇਤਰ ਵਿੱਚ ਆਧੁਨਿਕੀਕਰਨ ਦੇ ਨਾਲ ਮੇਕ ਇਨ ਇੰਡੀਆ, ਮੇਡ ਫਾਰ ਦ ਵਰਲਡ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੁਪਨੇ ਨੂੰ ਪੂਰਾ ਕਰ ਰਿਹਾ ਹੈ। **ਮੇਕ ਇਨ ਇੰਡੀਆ ਦੇ ਤਹਿਤ ਇਹ ਸਭ ਤੋਂ ਵੱਡੀ ਡੀਲ ਹੈ। ਐੱਮਐੱਸਐੱਮਈ ਨਾਲ 203 ਕਰੋੜ ਰੁਪਏ ਤੋਂ ਵੱਧ ਦੇ ਕਰਾਰ ਕੀਤੇ ਗਏ ਹਨ।**

## ਪਹਿਲੀ ਵਾਰ ਹਾਈਬ੍ਰਿਡ ਮਾਡਲ ਉੱਤੇ ਸ਼ੋਅ ...

ਏਅਰੋ ਇੰਡੀਆ ਸ਼ੋਅ ਪਹਿਲੀ ਵਾਰ ਹਾਈਬ੍ਰਿਡ ਮਾਡਲ ਉੱਤੇ ਆਯੋਜਿਤ ਕੀਤਾ ਗਿਆ। ਪਹਿਲਾਂ ਜੋ ਲੋਕ ਆਉਂਦੇ ਸਨ, ਸਿਰਫ਼ ਉਹ ਹੀ ਇਸ ਨੂੰ ਦੇਖ ਪਾਉਂਦੇ ਸਨ।


# ਰੱਖਿਆ ਉਤਪਾਦਨ ਵਿੱਚ ਆਤਮਨਿਰਭਰਤਾ ਵੱਲ ਵਧ ਰਿਹਾ ਭਾਰਤ

ਭਾਰਤ ਦਾ ਨਾਮ ਹੁਣ ਤੱਕ ਦੁਨੀਆ ਦੇ ਸਭ ਤੋਂ ਵੱਡੇ ਹਥਿਆਰ ਖ਼ਰੀਦਦਾਰਾਂ ਵਿੱਚ ਲਿਆ ਜਾਂਦਾ ਰਿਹਾ ਹੈ। ਅੰਤਰਰਾਸ਼ਟਰੀ ਪੱਧਰ ਉੱਤੇ ਮਿਲਿਟਰੀ ਸਮਰੱਥਾਵਾਂ ਦਾ ਵਿਸ਼ਲੇਸ਼ਣ ਕਰਨ ਵਾਲੇ ਥਿੰਕ ਟੈਂਕ ਸਟਾਕਹੋਮ ਪੀਸ ਇੰਟਰਨੈਸ਼ਨਲ ਦੇ ਅਨੁਸਾਰ ਸਾਲ 2012 ਤੋਂ 2018 ਤੱਕ ਦੁਨੀਆ ਭਰ ਦੇ ਦੇਸ਼ਾਂ ਦੇ ਦਰਮਿਆਨ ਰੱਖਿਆ ਆਯਾਤ ਵਿੱਚ ਭਾਰਤ ਦਾ ਹਿੱਸਾ 13 ਫ਼ੀਸਦੀ ਸੀ। ਲੇਕਿਨ ਭਵਿੱਖ ਦੇ ਭਾਰਤ ਦੀ ਵਿਆਪਕ ਭੂਮਿਕਾ ਨੂੰ ਦੇਖਦੇ ਹੋਏ ਹੁਣ ਕੇਂਦਰ ਸਰਕਾਰ ਮਿਲਿਟਰੀ ਉਤਪਾਦਨ ਵਿੱਚ ਆਤਮਨਿਰਭਰਤਾ ਉੱਤੇ ਜ਼ੋਰ ਦੇ ਰਹੀ ਹੈ। ਸਵਦੇਸ਼ੀ ਤੇਜਸ ਜਹਾਜ਼ਾਂ ਦੀ ਖ਼ਰੀਦ ਹੋਵੇ ਜਾਂ 101 ਰੱਖਿਆ ਉਤਪਾਦਾਂ ਦੇ ਆਯਾਤ ਉੱਤੇ ਰੋਕ ਲਗਾਉਣ ਦਾ ਹਾਲੀਆ ਫ਼ੈਸਲਾ ਹੋਵੇ, ਭਾਰਤ ਹੁਣ ਇਸ ਖੇਤਰ ਵਿੱਚ ਵੀ ਆਤਮਨਿਰਭਰ ਹੋਣਾ ਚਾਹੁੰਦਾ ਹੈ। ਅਜਿਹਾ ਨਹੀਂ ਹੈ ਕਿ ਇਸ ਦੀ ਸ਼ੁਰੂਆਤ ਹੁਣੇ ਹੋਈ ਹੈ। ਦਰਅਸਲ ਕੇਂਦਰ ਸਰਕਾਰ ਨੇ ਪਹਿਲਾਂ ਹੀ ਇਸ ਦਿਸ਼ਾ ਵਿੱਚ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਸੀ। ਕਿਉਂਕਿ ਰੱਖਿਆ ਖੇਤਰ ਵਿੱਚ ਆਤਮਨਿਰਭਰਤਾ ਦੇ ਲਈ ਜ਼ਰੂਰੀ ਹੈ ਕਿ ਭਾਰਤ ਰੱਖਿਆ ਸਮੱਗਰੀ ਨਿਰਮਾਣ ਯਾਨੀ ਉਦਯੋਗਿਕ ਢਾਂਚੇ ਦਾ ਵਿਕਾਸ ਕਰਕੇ ਖ਼ੁਦ ਆਪਣੀਆਂ ਜ਼ਰੂਰਤਾਂ ਦਾ ਸਮਾਨ ਬਣਾਵੇ। ਇਸ ਦੇ ਲਈ 2018-19 ਦੇ ਬਜਟ ਵਿੱਚ ਵਿੱਤ ਮੰਤਰੀ ਨੇ ਦੇਸ਼ ਵਿੱਚ ਦੋ ਡਿਫੈਂਸ ਇੰਡਸਟ੍ਰੀਅਲ ਕੌਰੀਡੋਰ ਬਣਾਏ ਜਾਣ ਦਾ ਐਲਾਨ ਕੀਤਾ ਸੀ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾ ਤਮਿਲ ਨਾਡੂ ਦੇ ਪੰਜ ਸ਼ਹਿਰਾਂ ਅਤੇ ਦੂਸਰਾ ਉੱਤਰ ਪ੍ਰਦੇਸ਼ ਦੇ ਛੇ ਸ਼ਹਿਰਾਂ ਵਿੱਚ ਬਣ ਰਿਹਾ ਹੈ।



## ਤਮਿਲ ਨਾਡੂ
### ਡਿਫੈਂਸ ਕੌਰੀਡੋਰ

**ਚੇਨਈ, ਹੋਸੂਰ, ਕੋਇੰਬਟੂਰ, ਸਲੇਮ ਅਤੇ ਤਿਰੁਚਿਰਾਪੱਲੀ ਸ਼ਹਿਰਾਂ ਵਿੱਚ ਰੱਖਿਆ ਸਮੱਗਰੀ ਨਿਰਮਾਣ ਅਤੇ ਉਤਪਾਦਨ ਦੇ ਲਈ ਇੱਕ ਵਿਸ਼ੇਸ਼ ਉਦਯੋਗੀਕਰਨ ਦੀ ਯੋਜਨਾ ਦੇ ਤੌਰ ਉੱਤੇ ਪਹਿਲਾ ਡਿਫੈਂਸ ਕੌਰੀਡੋਰ ਹੈ।**



## ਉੱਤਰ ਪ੍ਰਦੇਸ਼
### ਡਿਫੈਂਸ ਕੌਰੀਡੋਰ

**ਆਗਰਾ, ਅਲੀਗੜ੍ਹ, ਲਖਨਊ, ਕਾਨਪੁਰ, ਝਾਂਸੀ ਅਤੇ ਚਿੱਤ੍ਰਕੂਟ ਭਾਵ ਖ਼ਾਸ ਤੌਰ 'ਤੇ ਬੁੰਦੇਲਖੰਡ ਦੇ ਇਲਾਕੇ ਵਿੱਚ ਇਹ ਦੇਸ਼ ਦਾ ਦੂਜਾ ਡਿਫੈਂਸ ਇੰਡਸਟ੍ਰੀਅਲ ਕੌਰੀਡੋਰ ਹੈ।**

## ਕੀ ਹੈ ਅਹਿਮੀਅਤ?

**ਅੰਤਰਰਾਸ਼ਟਰੀ ਪੱਧਰ ਦੀ ਰੱਖਿਆ ਸਮੱਗਰੀ ਅਤੇ ਹਥਿਆਰਾਂ ਦਾ ਉਤਪਾਦਨ ਹੋਣ ਦੇ ਨਾਲ ਹੀ, ਇਨ੍ਹਾਂ ਕੌਰੀਡੋਰਾਂ ਕਾਰਨ ਖੇਤਰੀ ਉਦਯੋਗਾਂ ਦੇ ਵਿਕਾਸ ਨੂੰ ਵੀ ਉਤਸ਼ਾਹ ਮਿਲੇਗਾ। ਨਾਲ ਹੀ, ਉਦਯੋਗ ਰੱਖਿਆ ਉਤਪਾਦਨ ਦੇ ਲਈ ਗਲੋਬਲ ਸਪਲਾਈ ਚੇਨ ਦੇ ਨਾਲ ਵੀ ਜੁੜ ਸਕਣਗੇ। ਡਿਫੈਂਸ ਕੌਰੀਡੋਰ ਦੇ ਸੈਟਅੱਪ ਨਾਲ ਭਾਰਤ ਦੀ ਆਕਾਂਖਿਆ ਰੱਖਿਆ ਖੇਤਰ ਵਿੱਚ ਨਿਰਯਾਤਕ ਦੇਸ਼ ਬਣਨ ਦੀ ਵੀ ਹੈ।**

## ਕਿੰਨੇ ਉਤਪਾਦਨ ਦੀ ਹੈ ਉਮੀਦ ?

**ਸਾਲ 2025 ਤੱਕ ਭਾਰਤ ਦਾ ਟੀਚਾ 25 ਅਰਬ ਡਾਲਰ ਦਾ ਉਤਪਾਦਨ ਕਰਨ ਦਾ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਡਿਫੈਂਸ ਕੌਰੀਡੋਰ ਅਹਿਮ ਹੋਣਗੇ, ਜੋ ਪੂਰੇ ਯੋਜਨਾਬੱਧ ਤਰੀਕੇ ਅਤੇ ਪੂਰੀ ਤਾਕਤ ਦੇ ਨਾਲ ਦੇਸ਼ ਦੀ ਰੱਖਿਆ ਉਤਪਾਦਨ ਯੋਗਤਾ ਨੂੰ ਵਧਾਉਣਗੇ। ਇਸੇ ਟੀਚੇ ਦੇ ਨਾਲ ਹੀ ਭਾਰਤ ਖ਼ੁਦ ਨੂੰ ਭਵਿੱਖ ਵਿੱਚ ਦੇਸੀ ਹਥਿਆਰਾਂ ਦੇ ਨਿਰਮਾਤਾ ਅਤੇ ਨਿਰਯਾਤਕ ਦੇ ਰੂਪ ਵਿੱਚ ਵੀ ਦੇਖ ਰਿਹਾ ਹੈ।**

ਲੇਕਿਨ ਪਹਿਲੀ ਵਾਰ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਵਿਅਕਤੀ ਸ਼ੋਅ ਦੇਖ ਸਕਦਾ ਸੀ। ਇਹੀ ਨਹੀਂ ਏਅਰੋ ਇੰਡੀਆ ਸ਼ੋਅ ਵਿੱਚ ਪਹਿਲੀ ਵਾਰ 338 ਵਿਦੇਸ਼ੀ ਕੰਪਨੀਆਂ ਨੇ ਵੀ ਵਰਚੁਅਲੀ ਹਿੱਸਾ ਲਿਆ।

## ਮੇਕ ਇਨ ਇੰਡੀਆ ਦੀ ਝਲਕ ...

ਏਅਰੋ ਇੰਡੀਆ ਸ਼ੋਅ ਦਾ ਥੀਮ ਇਸ ਵਾਰ ਆਤਮਨਿਰਭਰ ਭਾਰਤ ਸੀ। ਐੱਚਏਐੱਲ ਦੀ ਆਤਮਨਿਰਭਰ ਫਾਰਮੇਸ਼ਨ ਫਲਾਈਟ ਵਿੱਚ ਸਵਦੇਸ਼ੀ ਲੜਾਕੂ ਜਹਾਜ਼ ਤੇਜਸ ਦੇ ਨਾਲ ਫਿਕਸਡ ਵਿੰਗ ਅਤੇ ਰੋਟਰੀ ਵਿੰਗ ਏਅਰਕ੍ਰਾਫਟ ਨੇ ਉਡਾਣ ਭਰੀ। ਇਸ ਵਿੱਚ ਐੱਚਏਐੱਲ ਦੇ ਬਣਾਏ ਹੋਏ ਐੱਲਸੀਏ ਟ੍ਰੇਨਰ, ਐੱਚਟੀਟੀ 40, ਆਈਜੇਟੀ ਅਡਵਾਂਸਡ ਹਾਕ ਐੱਮਕੇ-132 ਅਤੇ ਸਿਵਲ ਡੋਨਰੀਅਰ-228 ਏਅਰਕ੍ਰਾਫਟ ਨੇ ਉਡਾਣ ਭਰੀ। ਇਸ ਤੋਂ ਇਲਾਵਾ ਬ੍ਰਹਮੋਸ ਮਿਜ਼ਾਈਲ ਦੇ ਨਾਲ ਸੁਖੋਈ-30 ਐੱਮਕੇਆਈ, ਅਡਵਾਂਸਡ ਲਾਈਟ ਹੈਲੀਕੌਪਟਰ ਧਰੁਵ, ਲਾਈਟ ਕੰਬੈਟ ਹੈਲੀਕੌਪਟਰ, ਲਾਈਟ ਯੂਟੀਲਿਟੀ ਹੈਲੀਕੌਪਟਰ ਨੇ ਵੀ ਏਅਰ ਸ਼ੋਅ ਵਿੱਚ ਦਮ ਦਿਖਾਇਆ। ●



# ਵਣ ਜੀਵਾਂ ਦੀ ਰੱਖਿਆ ਭਾਰਤ ਦੀ ਸੁਰੱਖਿਆ

**20ਵੀਂ ਸਦੀ ਦੇ ਅੰਤ ਤੱਕ ਭਾਰਤ ਵਿੱਚ ਸਿੰਗ ਵਾਲੇ ਗੈਂਡਿਆਂ ਦੀ ਸੰਖਿਆ 200 ਰਹਿ ਗਈ ਸੀ ਅਤੇ ਇਹ ਪ੍ਰਜਾਤੀ ਲਗਭਗ ਲੁਪਤ ਹੋਣ ਦੀ ਸਥਿਤੀ ਵਿੱਚ ਪਹੁੰਚ ਗਈ ਸੀ। ਹਾਲਾਂਕਿ ਸਮੇਂ 'ਤੇ ਕੀਤੇ ਗਏ ਸਰਕਾਰੀ ਯਤਨਾਂ ਅਤੇ ਸਖ਼ਤ ਸੁਰੱਖਿਆ ਅਤੇ ਪ੍ਰਬੰਧਨ ਕਾਰਨ ਦੇਸ਼ ਵਿੱਚ ਗੈਂਡਿਆਂ ਦੀ ਗਿਣਤੀ ਵਧ ਰਹੀ ਹੈ ਅਤੇ ਇਸ ਸਮੇਂ ਦੁਨੀਆ ਭਰ ਵਿੱਚ ਪਾਏ ਜਾਣ ਵਾਲੇ ਇੱਕ ਸਿੰਗ ਵਾਲੇ ਗੈਂਡਿਆਂ ਵਿੱਚੋਂ 75 ਫੀਸਦੀ ਹੁਣ ਭਾਰਤ ਵਿੱਚ ਹਨ। ਇਸੇ ਤਰ੍ਹਾਂ ਭਾਰਤ ਵਿੱਚ ਤੇਂਦੂਏ, ਸ਼ੇਰ ਅਤੇ ਬਾਘ ਸਮੇਤ ਕਈ ਜਾਨਵਰਾਂ ਦੀ ਗਿਣਤੀ ਵਿੱਚ ਵੀ ਜ਼ਿਕਰਯੋਗ ਵਾਧਾ ਦਰਜ ਕੀਤਾ ਗਿਆ ਹੈ...**

ਭਾਰਤ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਵਿਵਿਧਤਾਵਾਂ ਨਾਲ ਭਰਿਆ ਹੋਇਆ ਦੇਸ਼ ਹੈ। ਦੁਨੀਆ ਦੇ 2.4 ਪ੍ਰਤੀਸ਼ਤ ਭੂਗੋਲਿਕ ਖੇਤਰ ਨਾਲ ਅਸੀਂ ਆਲਮੀ ਜੈਵ ਵਿਵਿਧਤਾ ਵਿੱਚ 8 ਫੀਸਦੀ ਤੋਂ ਜ਼ਿਆਦਾ ਯੋਗਦਾਨ ਦਿੰਦੇ ਹਾਂ। ਸਦੀਆਂ ਤੋਂ ਵਣ ਜੀਵ ਅਤੇ ਉਨ੍ਹਾਂ ਦੇ ਪ੍ਰਵਾਸ ਦੀ ਸੰਭਾਲ਼ ਭਾਰਤ ਦੇ ਸੱਭਿਆਚਾਰ ਦਾ ਹਿੱਸਾ ਰਹੀ ਹੈ। ਦਇਆ ਅਤੇ ਸਹਿਹੋਂਦ ਦੇ ਸਿਧਾਂਤ ਨਾਲ ਸਾਡੇ ਵੇਦਾਂ ਵਿੱਚ ਵੀ ਵਣ ਜੀਵਾਂ ਦੀ ਸੰਭਾਲ਼ ਦੀ ਗੱਲ ਕਹੀ ਗਈ ਹੈ। ਸਮਰਾਟ ਅਸ਼ੋਕ ਤੋਂ ਲੈ ਕੇ ਗਾਂਧੀ ਜੀ ਤੱਕ ਨੇ ਵਣ ਜੀਵ ਅਤੇ ਵਾਤਾਵਰਣ ਦੀ ਰੱਖਿਆ ਨੂੰ ਸਮੇਂ-ਸਮੇਂ 'ਤੇ ਆਪਣੇ ਭਾਸ਼ਣਾਂ ਵਿੱਚ ਸਥਾਨ ਦਿੱਤਾ ਹੈ। ਟਿਕਾਊ ਵਿਕਾਸ ਲਈ ਪਸ਼ੂ ਬੇਹੱਦ ਮਹੱਵਪੂਰਨ ਹੁੰਦੇ ਹਨ। ਹਾਲਾਂਕਿ ਕਈ ਕਾਰਨਾਂ ਨਾਲ ਕਈ ਪਸ਼ੂਆਂ ਨੂੰ ਲੁਪਤ ਹੋਣ ਦੇ ਖਤਰੇ ਦਾ ਸਾਹਮਣਾ ਕਰਨਾ ਪਿਆ। ਅਜਿਹੇ ਵਿੱਚ ਸਰਕਾਰ ਨੇ ਸੰਕਟਗ੍ਰਸਤ ਪ੍ਰਜਾਤੀਆਂ ਨੂੰ ਬਚਾਉਣ ਲਈ ਠੋਸ ਯਤਨ ਕੀਤੇ। ਭਾਰਤ ਵਿੱਚ ਸੁਰੱਖਿਆ ਪ੍ਰੋਗਰਾਮ ਵਿੱਚ ਘੱਟ ਤੋਂ ਘੱਟ 22 ਵਣਜੀਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਸੁਰੱਖਿਆ ਦੇ ਇਸ ਯਤਨ ਦਾ ਨਤੀਜਾ ਹੈ ਕਿ ਭਾਰਤ ਵਿੱਚ ਤੇਂਦੂਏ, ਸ਼ੇਰਾਂ ਅਤੇ ਬਾਘਾਂ ਦੀ ਆਬਾਦੀ ਵਿੱਚ ਭਾਰੀ ਉਛਾਲ ਆਇਆ ਹੈ। ਦੁਨੀਆ ਭਰ ਵਿੱਚ ਤਿੰਨ ਮਾਰਚ ਨੂੰ ਵਿਸ਼ਵ ਵਣਜੀਵ ਦਿਵਸ ਮਨਾਇਆ ਜਾਂਦਾ ਹੈ। ਆਓ, ਭਾਰਤ ਵਿੱਚ ਵਣਜੀਵਾਂ ਦੀ ਵਧ ਰਹੀ ਗਿਣਤੀ 'ਤੇ ਇੱਕ ਨਜ਼ਰ ਮਾਰਦੇ ਹਾਂ-

## ਸੰਕਟਗ੍ਰਸਤ 22 ਪ੍ਰਜਾਤੀਆਂ ਦਾ ਸੁਰੱਖਿਆ ਪ੍ਰੋਗਰਾਮ

ਸਰਕਾਰ ਗੰਭੀਰ ਰੂਪ ਨਾਲ ਸੰਕਟਗ੍ਰਸਤ ਪ੍ਰਜਾਤੀਆਂ ਨੂੰ ਬਚਾਉਣ ਲਈ ਸੁਰੱਖਿਆ ਸੰਭਾਲ਼ ਪ੍ਰੋਗਰਾਮ ਚਲਾ ਰਹੀ ਹੈ। ਰਾਜਸਥਾਨ ਅਤੇ ਗੁਜਰਾਤ ਦੇ ਕੁਝ ਹਿੱਸਿਆਂ ਵਿੱਚ ਪਾਏ ਜਾਣ ਵਾਲੇ ਸਿਆਹਗੋਸ਼ ਨੂੰ ਜਨਵਰੀ 2021 ਵਿੱਚ ਲੁਪਤ ਪ੍ਰਜਾਤੀ ਵਿੱਚ ਜੋੜਿਆ ਗਿਆ ਸੀ। ਇਹ ਜੰਗਲੀ ਬਿੱਲੀ ਦੀ ਇੱਕ



## ਤੇਂਦੂਆ

ਕੁੱਲ ਸੰਖਿਆ

**12,852**

ਦਸੰਬਰ 2020 ਤੱਕ

**60%** ਭਾਰਤ ਵਿੱਚ ਤੇਂਦੂਏ ਦੀ ਸੰਖਿਆ ਵਿੱਚ ਵਾਧਾ ਦਰਜ ਕੀਤਾ ਗਿਆ ਹੈ

- 2014 ਵਿੱਚ ਅਨੁਮਾਨ ਮੁਤਾਬਕ ਤੇਂਦੂਏ ਦੀ ਸੰਖਿਆ 7,910 ਸੀ।
- ਮੱਧ ਪ੍ਰਦੇਸ਼, ਕਰਨਾਟਕ ਅਤੇ ਮਹਾਰਾਸ਼ਟਰ ਵਿੱਚ ਅਨੁਮਾਨ ਮੁਤਾਬਕ ਸਭ ਤੋਂ ਜ਼ਿਆਦਾ ਤੇਂਦੂਏ ਦੀ ਸੰਖਿਆ ਕ੍ਰਮਵਾਰ : 3,421, 1,783 ਅਤੇ 1,690 ਹੈ।

## ਸ਼ੇਰ

- ਏਸ਼ਿਆਈ ਸ਼ੇਰ ਸਿਰਫ਼ ਗੁਜਰਾਤ ਦੇ ਗਿਰ ਰਾਸ਼ਟਰੀ ਪਾਰਕ ਵਿੱਚ ਹੀ ਪਾਏ ਜਾਂਦੇ ਹਨ। ਇਹ 2015 ਦੌਰਾਨ ਪਹਿਲਾਂ ਤੋਂ 27 ਫੀਸਦੀ ਦੇ ਵਾਧੇ ਤੋਂ 28.87 ਫੀਸਦੀ ਜ਼ਿਆਦਾ ਹੈ।

  2015 ਵਿੱਚ ਜਿੱਥੇ ਸ਼ੇਰਾਂ ਦਾ ਘਰ 22,000 ਵਰਗ ਕਿਲੋਮੀਟਰ ਦੇ ਖੇਤਰਫਲ ਵਿੱਚ ਸੀ, ਉੱਥੇ ਹੀ ਹੁਣ 2020 ਵਿੱਚ ਇਹ 30,000 ਵਰਗ ਕਿਲੋਮੀਟਰ ਖੇਤਰਫਲ ਹੋ ਗਿਆ ਹੈ ਜੋ 36 ਫੀਸਦੀ ਦਾ ਵਾਧਾ ਹੈ।
- ਪੰਜ ਸਾਲ ਦੇ ਵਕਫ਼ੇ 'ਤੇ ਏਸ਼ਿਆਈ ਸ਼ੇਰਾਂ ਦੀ ਸੰਖਿਆ ਕੀਤੀ ਜਾਂਦੀ ਹੈ। ਸਰਕਾਰ ਨੇ ਏਸ਼ਿਆਈ ਸ਼ੇਰਾਂ ਦੀ ਸੁਰੱਖਿਆ ਲਈ ਏਸ਼ਿਆਈ ਸ਼ੇਰ ਸੁਰੱਖਿਆ ਪ੍ਰੋਜੈਕਟ ਜਨਵਰੀ 2018 ਤੋਂ ਸ਼ੁਰੂ ਕੀਤਾ ਹੈ।

ਕੁੱਲ ਸੰਖਿਆ

**674**

2020 ਦੀ ਗਣਨਾ ਅਨੁਸਾਰ



## ਬਾਘ



**33%** ਵਾਧਾ ਹੋਇਆ ਬਾਘਾਂ ਦੀ ਸੰਖਿਆ ਵਿੱਚ

- 2018 ਵਿੱਚ ਹੋਈ ਬਾਘਾਂ ਦੀ ਗਣਨਾ ਮੁਤਾਬਕ ਦੇਸ਼ ਵਿੱਚ ਇਸ ਦੀ ਸੰਖਿਆ ਵਧ ਕੇ 2,967 ਹੋ ਗਈ ਹੈ।
- ਮੱਧ ਪ੍ਰਦੇਸ਼ ਵਿੱਚ ਬਾਘਾਂ ਦੀ ਸਭ ਤੋਂ ਜ਼ਿਆਦਾ ਸੰਖਿਆ 526 ਹੈ। ਇਸ ਦੇ ਬਾਅਦ ਕਰਨਾਟਕ ਵਿੱਚ 524 ਅਤੇ 442 ਬਾਘਾਂ ਨਾਲ ਉੱਤਰਾਖੰਡ ਤੀਸਰੇ ਸਥਾਨ 'ਤੇ ਹੈ।
- ਸੇਂਟ ਪੀਟਸਬਰਗ ਐਲਾਨੀ ਸਮਾਂ ਸੀਮਾ ਤੋਂ ਪਹਿਲਾਂ ਹੀ ਭਾਰਤ ਨੇ ਬਾਘਾਂ ਦੀ ਸੰਖਿਆ ਦੁੱਗਣੀ ਕਰਨ ਦਾ ਟੀਚਾ ਹਾਸਲ ਕਰ ਲਿਆ ਹੈ।
- 2018 ਵਿੱਚ ਬਾਘਾਂ ਦੀ ਗਣਨਾ ਲਈ ਭਾਰਤ ਦਾ ਕੈਮਰਾ ਟਰੈਪਿੰਗ ਦੁਨੀਆ ਦਾ ਸਭ ਤੋਂ ਵੱਡਾ ਵਣਜੀਵ ਸਰਵੇਖਣ ਸੀ ਜਿਸ ਕਾਰਨ ਉਸ ਨੂੰ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਜਗ੍ਹਾ ਮਿਲੀ ਸੀ।



**ਭਾਰਤ ਵਿੱਚ ਬਾਘਾਂ ਦੀ ਆਲਮੀ ਆਬਾਦੀ ਦੀ 70 ਪ੍ਰਤੀਸ਼ਤ, ਏਸ਼ਿਆਈ ਸ਼ੇਰਾਂ ਦੀ 70 ਪ੍ਰਤੀਸ਼ਤ ਅਤੇ ਤੇਂਦੂਏ ਦੀ 60 ਪ੍ਰਤੀਸ਼ਤ ਆਬਾਦੀ ਦਾ ਹੋਣਾ ਭਾਰਤ ਦੇ ਜੈਵ ਵਿਵਿਧਤਾ ਸੰਪੰਨ ਦੇਸ਼ ਹੋਣ ਦਾ ਪ੍ਰਮਾਣ ਹੈ। ਕਿਉਂਕਿ ਵੱਡੀ ਬਿੱਲੀ ਦੀ ਸ਼੍ਰੇਣੀ ਵਿੱਚ ਆਉਣ ਵਾਲੇ ਇਹ ਜਾਨਵਰ ਫੂਡ ਚੇਨ ਵਿੱਚ ਸਿਖਰ 'ਤੇ ਹੁੰਦੇ ਹਨ ਅਤੇ ਉਨ੍ਹਾਂ ਦੀ ਵਧਦੀ ਸੰਖਿਆ ਨਾਲ ਪੂਰੇ ਈਕੋਸਿਸਟਮ ਦੇ ਬਿਹਤਰ ਹੋਣ ਦਾ ਪਤਾ ਲਗਦਾ ਹੈ।- ਪ੍ਰਕਾਸ਼ ਜਾਵਡੇਕਰ, ਕੇਂਦਰੀ ਵਾਤਾਵਰਣ, ਵਣ ਅਤੇ ਜਲਵਾਯੂ ਪਰਿਵਰਤਨ ਮੰਤਰੀ**

### ਮਨੁੱਖ-ਵਣ ਜੀਵ ਸੰਘਰਸ਼ ਦੇ ਪ੍ਰਬੰਧਨ ਲਈ ਸਲਾਹ-ਮਸ਼ਵਰੇ ਨੂੰ ਪ੍ਰਵਾਨਗੀ

ਰਾਸ਼ਟਰੀ ਵਣਜੀਵ ਬੋਰਡ ਦੀ ਸਥਾਈ ਕਮੇਟੀ (ਐੱਸਸੀ-ਐੱਨਬੀਡਬਲਿਊ) ਨੇ 05 ਜਨਵਰੀ 2021 ਨੂੰ ਦੇਸ਼ ਵਿੱਚ ਮਨੁੱਖ-ਵਣਜੀਵ ਸੰਘਰਸ਼ (ਐੱਚਡਬਲਿਊਸੀ) ਦੇ ਪ੍ਰਬੰਧਨ ਲਈ ਸਲਾਹ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਲਾਹ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਅਜਿਹੇ ਵਿਸ਼ੇਸ਼ ਉਪਾਅ ਸੁਝਾਏ ਗਏ ਹਨ ਜਿਨ੍ਹਾਂ ਨਾਲ ਮਨੁੱਖ ਅਤੇ ਵਣ ਜੀਵਾਂ ਦੇ ਦਰਮਿਆਨ ਸੰਘਰਸ਼ ਦੀਆਂ ਘਟਨਾਵਾਂ ਘੱਟ ਹੋਣਗੀਆਂ ਅਤੇ ਵਿਭਾਗਾਂ ਵਿਚਕਾਰ ਤਾਲਮੇਲ ਅਤੇ ਪ੍ਰਭਾਵੀ ਕਾਰਵਾਈ ਵਿੱਚ ਤੇਜ਼ੀ ਆਵੇਗੀ।

ਪ੍ਰਜਾਤੀ ਹੈ। ਇਸ ਦੇ ਨਾਲ ਹੀ ਸੰਕਟਗ੍ਰਸਤ ਵਣ ਜੀਵ ਪ੍ਰਜਾਤੀਆਂ ਲਈ ਚਲਾਏ ਜਾ ਰਹੇ ਸੁਰੱਖਿਆ ਪ੍ਰੋਗਰਾਮ ਤਹਿਤ ਹੁਣ 22 ਵਣ ਜੀਵ ਹੋ ਗਏ ਹਨ। ਹੁਣ ਇਸ ਵਿੱਚ ਹਿਮ ਤੇਂਦੂਆ, ਸਾਰਸ (ਫਲੋਰਿਕੰਸ ਸਮੇਤ), ਡੌਲਫਿਨ, ਹੰਗੁਲ, ਨੀਲਗਿਰੀ, ਨੀਲਗਿਰੀ ਤਹਿਰ, ਸਮੁੰਦਰੀ ਕੱਛੂ, ਡੁਗੋਂਗ, ਸਵਿਫਟਲੇਟ ਪੰਛੀ, ਏਸ਼ਿਆਈ ਜੰਗਲੀ ਝੋਟਾ, ਨਿਕੋਬਾਰੀ ਜੰਗਲੀ ਮੁਰਗਾ, ਮਣੀਪੁਰ ਮਿਰਗ (ਸੰਘਈ ਹਿਰਨ), ਗਿਰਝ, ਗੰਧਬਿਲਾਵ ਜਾਂ ਕਸਤੂਰੀ ਬਿਲਾਬ, ਇੱਕ ਸਿੰਗ ਵਾਲਾ ਗੈਂਡਾ, ਏਸ਼ਿਆਈ ਸ਼ੇਰ, ਬਾਰਾਸਿੰਗਾ, ਲੁਪਤ ਪੰਛੀ ਜੇਰਡਾਂਸ ਕਰਸਰ, ਨਾਰਦਰਨ ਰਿਵਰ ਟੇਰਾਪਿਨ (ਕੱਛੂ ਦੀ ਪ੍ਰਜਾਤੀ), ਕਲਾਊਡ ਤੇਂਦੂਆ, ਅਰਬ ਸਾਗਰ ਦੀ ਹੰਪਬੈਕ ਵ੍ਹੇਲ ਅਤੇ ਲਾਲ ਪਾਂਡਾ ਸ਼ਾਮਲ ਹੈ।

## ਦੇਸ਼ ਵਿੱਚ ਸਰਬਸ੍ਰੇਸ਼ਠ ਪ੍ਰਬੰਧਨ ਵਾਲੇ ਸੁਰੱਖਿਅਤ ਖੇਤਰਾਂ ਦੀ ਹਰ ਸਾਲ ਰੈਂਕਿੰਗ

ਵਾਤਾਵਰਣ, ਵਣ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ ਇਸ ਸਾਲ ਤੋਂ ਹਰੇਕ ਸਾਲ ਦੇਸ਼ ਵਿੱਚ 10 ਸਰਬਸ੍ਰੇਸ਼ਠ ਰਾਸ਼ਟਰੀ ਪਾਰਕਾਂ, 5 ਤਟਵਰਤੀ ਅਤੇ ਸਮੁੰਦਰੀ ਪਾਰਕਾਂ ਅਤੇ ਮੋਹਰੀ 5 ਚਿੜੀਆ ਘਰਾਂ ਦੀ ਸੂਚੀ ਜਾਰੀ ਕਰੇਗਾ ਅਤੇ ਉਨ੍ਹਾਂ ਨੂੰ ਸਨਮਾਨਿਤ ਕਰੇਗਾ। ਨਾਲ ਹੀ ਮੰਤਰਾਲੇ ਨੇ ਦੇਸ਼ ਵਿੱਚ 146 ਰਾਸ਼ਟਰੀ ਪਾਰਕ ਅਤੇ ਵਣਜੀਵ ਰੱਖਾਂ ਦੀ ਪ੍ਰਬੰਧਨ ਪ੍ਰਭਾਵਸ਼ੀਲਤਾ ਦਾ ਮੁੱਲਾਂਕਣ (ਐੱਮਈਈ) ਵੀ ਜਾਰੀ ਕੀਤਾ।

**ਸੁਰੱਖਿਅਤ ਖੇਤਰਾਂ ਵਿੱਚ ਵਾਧਾ**

ਦੇਸ਼ ਵਿੱਚ ਵਣ ਖੇਤਰਾਂ ਵਿੱਚ ਵੱਡੇ ਪੈਮਾਨੇ 'ਤੇ ਵਾਧਾ ਹੋਇਆ ਹੈ। 'ਸੁਰੱਖਿਅਤ ਖੇਤਰਾਂ' ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ। 2014 ਵਿੱਚ 692 ਸੁਰੱਖਿਅਤ ਇਲਾਕੇ ਸਨ ਜੋ 2019 ਵਿੱਚ ਵਧ ਕੇ 860 ਤੋਂ ਜ਼ਿਆਦਾ ਹੋ ਗਏ। 'ਕਮਿਊਨਿਟੀ ਰਿਜ਼ਰਵ' ਦੀ ਸੰਖਿਆ ਜਿੱਥੇ 2014 ਵਿੱਚ 43 ਸੀ, ਉੱਥੇ 2019 ਵਿੱਚ ਵਧ ਕੇ 100 ਹੋ ਗਈ ਹੈ।

# ਵਣਜੀਵ ਸੁਰੱਖਿਆ ਲਈ ਹੋਰ ਯਤਨ

**ਪ੍ਰੋਜੈਕਟ ਐਲੀਫੈਂਟ-** ਪ੍ਰੋਜੈਕਟ ਐਲੀਫੈਂਟ ਦੇ ਤਹਿਤ 2017 ਵਿੱਚ ਕਰਵਾਈ ਗਈ ਗਣਨਾ ਮੁਤਾਬਕ ਭਾਰਤ ਵਿੱਚ ਜੰਗਲੀ ਏਸ਼ਿਆਈ ਹਾਥੀਆਂ ਦੀ ਸਭ ਤੋਂ ਜ਼ਿਆਦਾ 29,964 ਸੰਖਿਆ ਹੈ। ਦੁਨੀਆ ਭਰ ਵਿੱਚ ਪਾਏ ਜਾਣ ਵਾਲੇ ਏਸ਼ਿਆਈ ਹਾਥੀਆਂ ਦੀ ਆਬਾਦੀ 60 ਫੀਸਦੀ ਤੋਂ ਜ਼ਿਆਦਾ ਸੰਖਿਆ ਭਾਰਤ ਵਿੱਚ ਹੈ। ਭਾਰਤ ਦੇ 14 ਰਾਜਾਂ ਵਿੱਚ ਲਗਭਗ 65,000 ਵਰਗ ਕਿਲੋਮੀਟਰ ਖੇਤਰ ਵਿੱਚ 30 ਹਾਥੀ ਰੱਖਾਂ ਹਨ। ਭਾਰਤ ਸਰਕਾਰ ਨੇ ਭਾਰਤੀ ਹਾਥੀ ਨੂੰ ਭਾਰਤੀ ਵਿਰਾਸਤੀ ਪਸ਼ੂ ਐਲਾਨਿਆ ਹੈ।



**ਗਿਰਝ ਸੁਰੱਖਿਆ ਕਾਰਜ ਯੋਜਨਾ 2020-2025 :** ਭਾਰਤ ਦੇ ਜੰਗਲਾਂ ਵਿੱਚ ਗਿਰਝਾਂ ਦੀਆਂ ਨੌਂ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਤਿੰਨ ਪ੍ਰਜਾਤੀਆਂ ਸਫੈਦ ਪਿੱਠ ਵਾਲੀਆਂ ਗਿਰਝਾਂ, ਲੰਬੀ ਚੁੰਜ ਵਾਲੀਆਂ ਗਿਰਝਾਂ ਅਤੇ ਪਤਲੀ ਚੁੰਜ ਵਾਲੀਆਂ ਗਿਰਝਾਂ ਦੀ ਸੰਖਿਆ ਵਿੱਚ ਭਾਰੀ ਗਿਰਾਵਟ ਆਈ ਹੈ। ਗਿਰਝ ਦੀਆਂ ਇਨ੍ਹਾਂ ਤਿੰਨੋਂ ਪ੍ਰਜਾਤੀਆਂ ਨੂੰ ਆਈਯੂਸੀਐੱਨ, ਦ ਵਰਲਡ ਕਨਜ਼ਰਵੇਸ਼ਨ ਯੂਨੀਅਨ ਨੇ 2000 ਵਿੱਚ 'ਗੰਭੀਰ ਰੂਪ ਨਾਲ ਲੁਪਤ ਹੋ ਰਹੀ' ਦੀ ਸ਼੍ਰੇਣੀ ਵਿੱਚ ਸੂਚੀਬੱਧ ਕੀਤਾ ਸੀ ਜੋ ਕਿ ਖਤਰੇ ਦੀ ਉੱਚ ਸ਼੍ਰੇਣੀ ਹੈ।

**ਰਾਸ਼ਟਰੀ ਸਮੁੰਦਰੀ ਕੱਛੂ ਕਾਰਜ ਯੋਜਨਾ:** ਭਾਰਤੀ ਜਲ ਖੇਤਰ ਵਿੱਚ ਸਮੁੰਦਰੀ ਕੱਛੂ ਦੀਆਂ ਪੰਜ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਭਾਰਤ ਵਿੱਚ ਸਮੁੰਦਰੀ ਕੱਛੂਆਂ ਦੀ ਸੰਭਾਲ਼ ਦੇ ਉਦੇਸ਼ ਨਾਲ ਸਰਕਾਰ ਨੇ ਜਨਵਰੀ 2021 ਵਿੱਚ 'ਰਾਸ਼ਟਰੀ ਸਮੁੰਦਰੀ ਕੱਛੂ ਕਾਰਜ ਯੋਜਨਾ' ਸ਼ੁਰੂ ਕੀਤੀ ਹੈ। ਇਸ ਕਾਰਜ ਯੋਜਨਾ ਦਾ ਉਦੇਸ਼ ਸਮੁੰਦਰੀ ਕੱਛੂਆਂ ਅਤੇ ਸਮੁੰਦਰੀ ਪ੍ਰਜਾਤੀਆਂ ਨੂੰ ਜ਼ਿਆਦਾ ਦਿਨਾਂ ਤੱਕ ਜੀਵਤ ਰੱਖਣ ਅਤੇ ਸਮੁੰਦਰੀ ਈਕੋਸਿਸਟਮ ਨੂੰ ਤੰਦਰੁਸਤ ਬਣਾਉਣਾ ਹੈ।

**ਪ੍ਰੋਜੈਕਟ ਹਿਮ ਤੇਂਦੂਆ:** ਇਸ ਪ੍ਰੋਜੈਕਟ ਦੇ ਜ਼ਰੀਏ ਭਾਰਤ ਹਿਮ ਤੇਂਦੂਆ ਅਤੇ ਇਸ ਦੇ ਨਿਵਾਸ ਸਥਾਨ ਦੀ ਸੰਭਾਲ਼ ਕਰਦਾ ਹੈ। ਭਾਰਤ 2013 ਤੋਂ ਗਲੋਬਲ ਸਨੋ ਲੈਪਰਡ ਐਂਡ ਈਕੋਸਿਸਟਮ ਪ੍ਰੋਟੈਕਸ਼ਨ (ਜੀਐੱਸਐੱਲਈਪੀ) ਦਾ ਮੈਂਬਰ ਹੈ। ਇਸ ਨੇ ਤਿੰਨ ਵੱਡੇ ਭੂ-ਭਾਗਾਂ ਦੀ ਪਹਿਚਾਣ ਕੀਤੀ ਹੈ। ਇਹ ਭੂ-ਭਾਗ ਹਨ- ਪੂਰਾ ਲੱਦਾਖ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹੇਮਿਸ-ਸਪੀਤੀ, ਉੱਤਰਾਖੰਡ ਵਿੱਚ ਨੰਦਾ ਦੇਵੀ-ਗੰਗੋਤਰੀ ਅਤੇ ਸਿੱਕਿਮ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਕੰਚਨਜੰਘਾ-ਤਵਾਂਗ।

**ਪ੍ਰੋਜੈਕਟ ਡੌਲਫਿਨ:** ਨਦੀ ਅਤੇ ਸਮੁੰਦਰੀ ਦੋਵਾਂ ਡੌਲਫਿਨਾਂ ਨੂੰ ਬਚਾਉਣ ਲਈ 2020 ਵਿੱਚ ਪ੍ਰੋਜੈਕਟ ਡੌਲਫਿਨ ਦਾ ਐਲਾਨ ਕੀਤਾ ਗਿਆ ਸੀ। ਡੌਲਫਿਨ ਇੱਕ ਸੁਰੱਖਿਅਤ ਜੀਵ ਹੈ ਅਤੇ ਇਸ ਦੀ ਸੰਖਿਆ ਵਧ ਰਹੀ ਹੈ ਜੋ ਨਦੀਆਂ ਦੀ ਸਵੱਛਤਾ ਅਤੇ ਜੀਵ ਵਿਵਿਧਤਾ ਵੱਲ ਇਸ਼ਾਰਾ ਕਰਦੀ ਹੈ। ਨਦੀਆਂ ਵਿੱਚ ਪਾਈ ਗਈ ਡੌਲਫਿਨ 'ਤੇ ਕੀਤੇ ਗਏ ਅਧਿਐਨ ਮੁਤਾਬਕ, ਗੰਗਾ ਅਤੇ ਬ੍ਰਹਮਪੁੱਤਰ ਨਦੀਆਂ ਵਿੱਚ ਡੌਲਫਿਨ ਦੀ ਗਿਣਤੀ ਸਥਿਰ ਹੈ। ਹਾਲਾਂਕਿ ਸਹਾਇਕ ਨਦੀਆਂ ਵਿੱਚ ਇਸ ਦੀ ਸੰਖਿਆ ਘੱਟ ਹੋਈ ਹੈ।

**ਇੰਡੀਅਨ ਰਾਈਨੋ ਵਿਜ਼ਨ (ਆਈਆਰਵੀ) 2020 ਪ੍ਰੋਗਰਾਮ:** ਇਸ ਪ੍ਰੋਗਰਾਮ ਜ਼ਰੀਏ ਦੇਸ਼ ਵਿੱਚ ਗੈਂਡਿਆਂ ਦੀ ਮੌਜੂਦਾ ਪ੍ਰਜਾਤੀ ਨੂੰ ਸੁਰੱਖਿਅਤ ਕਰਨ ਅਤੇ ਇਸ ਪ੍ਰਜਾਤੀ ਦੀ ਸੰਖਿਆ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ। ਇਸ ਸਮੇਂ ਭਾਰਤ ਵਿੱਚ ਇੱਕ ਸਿੰਗ ਅਤੇ ਵਿਸ਼ਾਲ ਅਕਾਰ ਵਾਲੇ ਗੈਂਡਿਆਂ ਦੀ ਕੁੱਲ ਸੰਖਿਆ ਦਾ 75 ਪ੍ਰਤੀਸ਼ਤ ਤਿੰਨ ਪ੍ਰਮੁੱਖ ਰਾਜਾਂ ਅਸਾਮ, ਉੱਤਰ ਪ੍ਰਦੇਸ਼ ਅਤੇ ਪੱਛਮ ਬੰਗਾਲ ਵਿੱਚ ਹੈ। ●

# ਵੈਕਸੀਨ ਮੈਤ੍ਰੀ...ਦੁਨੀਆ ਨੂੰ ਦੇ ਰਹੇ ਹਨ ਜ਼ਿੰਦਗੀ ਦਾ ਤੋਹਫ਼ਾ

**ਮੁਸ਼ਕਿਲ ਸਮੇਂ ਵਿੱਚ ਅਗਵਾਈ ਅਤੇ ਦੋਸਤੀ ਦੀ ਅਸਲੀ ਪਰੀਖਿਆ ਹੁੰਦੀ ਹੈ। ਕੋਰੋਨਾ ਜਿਹੀ ਆਲਮੀ ਮਹਾਮਾਰੀ ਦੇ ਦਰਮਿਆਨ ਭਾਰਤ ਨੇ ਨਾ ਸਿਰਫ਼ ਇਸ ਦੇ ਖ਼ਿਲਾਫ਼ ਸਫਲਤਾਪੂਰਬਕ ਲੜਾਈ ਲੜੀ ਹੈ, ਬਲਕਿ ਹੁਣ 20 ਤੋਂ ਜ਼ਿਆਦਾ ਦੇਸ਼ਾਂ ਨੂੰ ਮੇਡ ਇਨ ਇੰਡੀਆ ਵੈਕਸੀਨ ਮੁਹੱਈਆ ਕਰਵਾ ਚੁੱਕਾ ਹੈ, ਤਾਂ ਕਈ ਹੋਰ ਦੇਸ਼ਾਂ ਨੂੰ ਜਲਦੀ ਤੋਂ ਜਲਦੀ ਵੈਕਸੀਨ ਮੁਹੱਈਆ ਕਰਵਾਉਣ ਦੀ ਤਿਆਰੀ ਹੈ...**

ਕੋਰੋਨਾ ਦੀ ਇਸ ਮਹਾਮਾਰੀ ਦੀ ਸ਼ੁਰੂਆਤ ਦੇ ਵਕਤ ਕਿਹਾ ਗਿਆ ਸੀ ਕਿ ਜੇਕਰ ਭਾਰਤ ਆਪਣੇ ਆਪ ਨੂੰ ਸੰਭਾਲ਼ ਨਹੀਂ ਸਕਿਆ ਤਾਂ ਨਾ ਸਿਰਫ਼ ਭਾਰਤ, ਲੇਕਿਨ ਪੂਰੀ ਮਾਨਵ ਜਾਤੀ ਲਈ ਵੱਡਾ ਸੰਕਟ ਆ ਜਾਵੇਗਾ। ਕਰੋੜਾਂ ਲੋਕ ਫਸ ਜਾਣਗੇ, ਲੱਖਾਂ ਲੋਕ ਮਰ ਜਾਣਗੇ। ਲੇਕਿਨ ਸਖ਼ਤ ਫੈਸਲੇ ਅਤੇ ਸਹੀ ਦਿਸ਼ਾ ਵਿੱਚ ਸੋਚ ਅਤੇ ਤਿਆਰੀ ਨਾਲ ਭਾਰਤ ਨਾ ਸਿਰਫ਼ ਅਜਿਹਾ ਕਰਨ ਵਿੱਚ ਸਫਲ ਰਿਹਾ, ਬਲਕਿ ਅੱਜ ਦੁਨੀਆ ਦੇ ਕਈ ਦੇਸ਼ਾਂ ਦੇ ਸਾਹਮਣੇ ਉਮੀਦ ਦੀ ਕਿਰਨ ਬਣ ਕੇ ਖੜ੍ਹਾ ਹੋਇਆ ਹੈ। ਹਾਲ ਹੀ ਵਿੱਚ ਰਾਜ ਸਭਾ ਵਿੱਚ ਕੋਰੋਨਾ ਆਪਦਾ ਦੇ ਸਾਹਮਣੇ ਦੇਸ਼ ਦੀ ਸਫਲਤਾ ਦੀ ਕਹਾਣੀ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ, "ਅੱਜ ਕੋਰੋਨਾ ਨੇ ਭਾਰਤ ਨੂੰ ਦੁਨੀਆ ਨਾਲ ਰਿਸ਼ਤਿਆਂ ਵਿੱਚ ਇੱਕ ਨਵੀਂ ਤਾਕਤ ਦਿੱਤੀ ਹੈ। ਜਦੋਂ ਸ਼ੁਰੂਆਤ ਵਿੱਚ ਕਿਹੜੀ ਦਵਾਈ ਕੰਮ ਕਰੇਗੀ, ਵੈਕਸੀਨ ਨਹੀਂ ਸੀ ਤਾਂ ਸਾਰੇ ਵਿਸ਼ਵ ਦਾ ਧਿਆਨ ਭਾਰਤ ਦੀਆਂ ਦਵਾਈਆਂ 'ਤੇ ਗਿਆ। ਵਿਸ਼ਵ ਵਿੱਚ ਫਾਰਮੇਸੀ ਦੀ ਹੱਬ ਦੇ ਰੂਪ ਵਿੱਚ ਭਾਰਤ ਉੱਭਰ ਕੇ ਸਾਹਮਣੇ ਆਇਆ। 150 ਦੇਸ਼ਾਂ ਵਿੱਚ ਦਵਾਈ ਪਹੁੰਚਾਉਣ ਦਾ ਕੰਮ ਉਸ ਸੰਕਟ ਦੇ ਕਾਲ ਵਿੱਚ ਵੀ ਇਸ ਦੇਸ਼ ਨੇ ਕੀਤਾ ਹੈ। ਮਾਨਵ ਜਾਤੀ ਦੀ ਰੱਖਿਆ ਲਈ ਅਸੀਂ ਪਿੱਛੇ ਨਹੀਂ ਹਟੇ। ਇੰਨਾ ਹੀ ਨਹੀਂ, ਇਸ ਸਮੇਂ ਵੈਕਸੀਨ ਦੇ ਸਬੰਧ ਵਿੱਚ ਵੀ ਵਿਸ਼ਵ ਵੱਡੇ ਮਾਣ ਨਾਲ ਕਹਿੰਦਾ ਹੈ ਕਿ ਸਾਡੇ ਪਾਸ ਭਾਰਤ ਦੀ ਵੈਕਸੀਨ ਆ ਗਈ ਹੈ।"

## 1 ਕਰੋੜ ਦੇ ਪਾਰ ਹੋਇਆ ਵੈਕਸੀਨੇਸ਼ਨ

ਭਾਰਤ ਵਿੱਚ ਹੁਣ ਕੋਰੋਨਾ ਵਾਇਰਸ ਦੇ ਲਗਾਤਾਰ ਘੱਟ ਹੋਣ ਦੇ ਮਾਮਲਿਆਂ ਨਾਲ ਇਹ ਕਹਿਣਾ ਸਹੀ ਹੋਵੇਗਾ ਕਿ ਦੇਸ਼ ਨੇ ਮਹਾਮਾਰੀ ਨੂੰ ਹੁਣ ਪਿੱਛੇ ਛੱਡ ਦਿੱਤਾ ਹੈ। ਇੱਥੇ ਦੁਨੀਆ ਦੀ ਸਭ ਤੋਂ ਵੱਡੀ ਟੀਕਾਕਰਣ ਮੁਹਿੰਮ ਚਾਲੂ ਹੈ। 19 ਫਰਵਰੀ ਤੱਕ 1 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਟੀਕਾ ਲਗਾਇਆ ਜਾ ਚੁੱਕਾ ਹੈ। ਭਾਰਤ ਵਿੱਚ ਵੈਕਸੀਨੇਸ਼ਨ ਦੀ ਰਫ਼ਤਾਰ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਹੈ।

## ਦੁਨੀਆ ਨੂੰ ਮੈਤ੍ਰੀ ਦਾ ਹੱਥ

ਨੇਪਾਲ, ਬੰਗਲਾਦੇਸ਼, ਭੂਟਾਨ, ਮਾਲਦੀਵ, ਸੇਸ਼ਲਸ, ਮਿਆਂਮਾਰ ਅਤੇ ਮਾਰੀਸ਼ਸ਼ ਦੇ ਬਾਅਦ ਹੁਣ ਬਾਰਬਾਡੋਸ, ਡੋਮਿਨਿਕਾ, ਮੈਕਸੀਕੋ ਅਤੇ ਅਲ ਸਲਵਾਡੋਰ ਨੂੰ ਮੇਡ ਇਨ ਇੰਡੀਆ ਵੈਕਸੀਨ ਭੇਜੀ ਜਾ ਚੁੱਕੀ ਹੈ। ਬ੍ਰਾਜ਼ੀਲ, ਸਾਊਦੀ ਅਰਬ, ਦੱਖਣੀ ਅਫ਼ਰੀਕਾ ਅਤੇ ਮੋਰਾਕੋ ਨੂੰ ਵੀ ਵੈਕਸੀਨ ਭੇਜੀ ਗਈ ਹੈ। ਹੁਣ ਤੱਕ 20 ਤੋਂ ਜ਼ਿਆਦਾ ਦੇਸ਼ਾਂ ਨੂੰ ਕੋਰੋਨਾ ਵੈਕਸੀਨ ਦੇ 2.29 ਕਰੋੜ ਤੋਂ ਜ਼ਿਆਦਾ ਡੋਜ਼ ਭੇਜੇ ਜਾ ਚੁੱਕੇ ਹਨ। ●




### ਦਵਾਈ ਭੀ...ਕੜਾਈ ਭੀ (ਅੰਕੜੇ 19 ਫਰਵਰੀ ਤੱਕ)

| | | | |
|---|---|---|---|
| 1,01,88,007 ਕੁੱਲ ਟੀਕਾਕਰਣ | 20.94 ਕਰੋੜ ਕੁੱਲ ਜਾਂਚ ਕੀਤੀ ਗਈ | | |
| | 1,39,542 ਐਕਟਿਵ ਮਾਮਲੇ | 1,06,67,741 ਲੋਕ ਠੀਕ ਹੋਏ | 97.30% ਰਿਕਵਰੀ ਰੇਟ |
| | ਮੌਤ ਦਰ (1.42 %) ਕੁੱਲ ਮੌਤਾਂ 1,56,111 | | |

### ਆਰੋਗਯ ਸੇਤੂ ਨਾਲ ਟੀਕਾਕਰਣ ਦੀ ਜਾਣਕਾਰੀ

ਕੋਰੋਨਾ ਆਪਦਾ ਦੇ ਸਮੇਂ ਕੰਟੈਕਟ ਟ੍ਰੇਸਿੰਗ ਲਈ ਸ਼ੁਰੂ ਕੀਤਾ ਗਿਆ, ਆਰੋਗਯ ਸੇਤੂ ਸਿਹਤ ਖੇਤਰ ਵਿੱਚ ਦੁਨੀਆ ਦੀ ਸਭ ਤੋਂ ਜ਼ਿਆਦਾ ਡਾਊਨਲੋਡ ਕੀਤੀ ਜਾਣ ਵਾਲੀ ਐਪ ਹੈ। ਆਰੋਗਯ ਸੇਤੂ ਨੂੰ ਹੁਣ ਕੋਵਿਨ ਐਪ ਦੇ ਡਾਟਾਬੇਸ ਨਾਲ ਜੋੜ ਦਿੱਤਾ ਗਿਆ ਹੈ। ਇਸ ਲਈ ਕੋਵਿਨ ਸੈਕਸ਼ਨ ਵਿੱਚ ਤਿੰਨ ਹੋਰ ਸੈਕਸ਼ਨ ਬਣਾਏ ਗਏ ਹਨ। ਇਸ ਜ਼ਰੀਏ ਯੂਜ਼ਰ ਦੇਸ਼ ਵਿੱਚ ਚਲ ਰਹੇ ਟੀਕਾਕਰਣ ਦੀ ਸਿੱਧੀ ਜਾਣਕਾਰੀ ਹਾਸਲ ਕਰ ਸਕਦੇ ਹਨ।





# ਤੰਦਰੁਸਤ ਭਾਰਤ ਵੱਲ ਵਧਦੇ ਕਦਮ

**ਇਹ ਪਹਿਲੀ ਵਾਰ ਹੈ ਕਿ ਜਦੋਂ ਭਾਰਤ ਦੇ ਆਮ ਬਜਟ ਦੇ ਕੇਂਦਰ ਵਿੱਚ ਸਿਹਤ ਨੂੰ ਰੱਖਿਆ ਗਿਆ ਹੈ। ਸਿਹਤ ਅਤੇ ਦੇਖਭਾਲ਼ ਲਈ ਬਜਟ ਵਿੱਚ 137 ਫੀਸਦੀ ਦਾ ਵਾਧਾ ਇਸ ਦਾ ਗਵਾਹ ਹੈ। ਬਜਟ ਦੇ ਛੇ ਬੁਨਿਆਦੀ ਥੰਮ੍ਹਾਂ ਵਿੱਚ ਸਿਹਤ ਅਤੇ ਕਲਿਆਣ ਨੂੰ ਸਭ ਤੋਂ ਉੱਪਰ ਰੱਖਿਆ ਹੈ ਅਤੇ ਉਸ ਦੇ ਸਮੁੱਚੇ ਖੇਤਰ ਨੂੰ ਵਿਕਾਸ ਅਤੇ ਵਾਧੇ ਦੇ ਪ੍ਰਮੁੱਖ ਚਾਲਕ ਦੇ ਰੂਪ ਵਿੱਚ ਸਥਾਨ ਦਿੱਤਾ ਗਿਆ ਹੈ। ਇਹ ਸਿਹਤ ਅਤੇ ਕਲਿਆਣ ਪ੍ਰਤੀ ਕੇਂਦਰ ਸਰਕਾਰ ਦੀ ਗੰਭੀਰ ਪ੍ਰਤੀਬੱਧਤਾ ਅਤੇ ਉਸ ਦੇ ਦ੍ਰਿਸ਼ਟੀਕੋਣ ਦੀ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ...**

ਪਿਛਲੇ ਸਾਲ (ਵਿੱਤ ਵਰ੍ਹੇ 2020-21) ਸਿਹਤ ਖੇਤਰ ਦੀ ਕੁੱਲ ਵੰਡ ਨੂੰ ਜਿੱਥੇ 94,452 ਕਰੋੜ ਤੋਂ ਵਧਾ ਕੇ 2,23,846 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਵਿੱਚ ਸਰਕਾਰ ਨੇ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੂੰ 71,269, ਸਿਹਤ ਖੋਜ ਨੂੰ 2,663, ਆਯੁਸ਼ ਨੂੰ 2,970, ਕੋਵਿਡ ਟੀਕਾਕਰਣ ਨੂੰ 35,000, ਪੇਅਜਲ ਅਤੇ ਸਵੱਛਤਾ ਨੂੰ 60,030, ਪੋਸ਼ਣ ਨੂੰ 2,700, ਪਾਣੀ ਅਤੇ ਸਵੱਛਤਾ ਲਈ ਵਿੱਤ ਕਮਿਸ਼ਨ ਗ੍ਰਾਂਟ 36,022, ਸਿਹਤ ਲਈ ਵਿੱਤ ਕਮਿਸ਼ਨ ਗ੍ਰਾਂਟ 13,192 ਕਰੋੜ ਰੁਪਏ ਰੱਖੇ ਹਨ।

### ਕੋਵਿਡ-19 ਖ਼ਿਲਾਫ਼ ਲੜਾਈ ਵਿੱਚ ਭਾਰਤ ਦੀ ਤਿਆਰੀ

ਭਾਰਤ ਹੁਣ ਤੱਕ 20.67 ਕਰੋੜ ਟੈਸਟ (15 ਫਰਵਰੀ ਤੱਕ) ਕਰ ਚੁੱਕਿਆ ਹੈ। ਸਾਡੀ ਟੈਸਟ ਸਮਰੱਥਾ ਰੋਜ਼ਾਨਾ 10 ਲੱਖ ਤੋਂ ਜ਼ਿਆਦਾ ਹੋ ਗਈ ਹੈ। ਕੋਵਿਡ-19 ਨਾਲ ਸੰਕ੍ਰਮਿਤ ਹੋਣ ਵਾਲੇ 1.09 ਕਰੋੜ ਲੋਕਾਂ ਵਿੱਚੋਂ 1.06 ਕਰੋੜ ਲੋਕ ਠੀਕ ਹੋ ਚੁੱਕੇ ਹਨ। ਭਾਰਤ ਹੁਣ ਕੋਵਿਡ-19 ਡਾਇਗਨੋਸਿਟਕ ਕਮੌਡਿਟੀਜ਼ ਦੇ ਨਿਰਮਾਣ ਵਿੱਚ ਆਤਮਨਿਰਭਰ ਹੈ ਅਤੇ ਅਤਿਰਿਕਤ ਮਾਤਰਾ ਨਿਰਯਾਤ ਕਰਨ ਦੇ ਸਮਰੱਥ ਹੈ।

## ਆਤਮਨਿਰਭਰ ਤੰਦਰੁਸਤ ਭਾਰਤ ਦੇ ਨਿਰਮਾਣ ਦੀ ਪਹਿਲ

ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਨੇ ਵੰਡੀ ਗਈ ਰਾਸ਼ੀ ਨਾਲ ਆਗਾਮੀ ਦਿਨਾਂ ਵਿੱਚ ਕੰਮ ਕਰਨ ਦੀ ਯੋਜਨਾ ਅਤੇ ਰੂਪਰੇਖਾ ਤਿਆਰ ਕਰ ਲਈ ਹੈ। ਮੰਤਰਾਲੇ ਦਾ ਮੰਨਣਾ ਹੈ ਕਿ ਹਾਲ ਵਿੱਚ ਐਲਾਨੀ ਕੇਂਦਰੀ ਯੋਜਨਾ, ਪ੍ਰਧਾਨ ਮੰਤਰੀ ਆਤਮਨਿਰਭਰ ਸਵਸਥ ਭਾਰਤ ਯੋਜਨਾ ਪ੍ਰਾਇਮਰੀ, ਸੈਕੰਡਰੀ ਅਤੇ ਤੀਸਰੇ ਦਰਜੇ ਦੀ ਦੇਖਭਾਲ਼ ਦੀ ਸਮਰੱਥਾ ਨੂੰ ਵਿਕਸਿਤ ਕਰੇਗੀ ਅਤੇ ਡਿਲਿਵਰੀ ਹੈਲਥ ਕੇਅਰ ਸਿਸਟਮਸ ਨੂੰ ਮਜ਼ਬੂਤ ਕਰੇਗੀ। ਨਵੀਆਂ ਅਤੇ ਉੱਭਰਦੀਆਂ ਬਿਮਾਰੀਆਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦੇ ਇਲਾਜ ਲਈ ਸੰਸਥਾਨਾਂ ਦੇ ਵਿਕਾਸ ਨਾਲ ਹੀ ਮੌਜੂਦਾ ਰਾਸ਼ਟਰੀ ਸਿਹਤ ਮਿਸ਼ਨ ਨੂੰ ਮਜ਼ਬੂਤੀ ਦੇਵੇਗੀ। ਰਾਸ਼ਟਰੀ ਰੋਗ ਕੰਟਰੋਲ ਕੇਂਦਰ ਵਿੱਚ ਹੁਣ 5 ਖੇਤਰੀ ਸ਼ਾਖਾਵਾਂ ਅਤੇ 20 ਮਹਾਨਗਰੀ ਸਿਹਤ ਨਿਗਰਾਨੀ ਇਕਾਈਆਂ ਹੋਣਗੀਆਂ। ਸਾਰੀਆਂ ਜਨਤਕ ਸਿਹਤ ਪ੍ਰਯੋਗਸ਼ਾਲਾਵਾਂ ਨੂੰ ਜੋੜਨ ਲਈ ਸਾਰੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਏਕੀਕ੍ਰਿਤ ਸਿਹਤ ਸੂਚਨਾ ਪੋਰਟਲ ਦੇ ਵਿਸਤਾਰ ਦੇ ਨਾਲ-ਨਾਲ 17 ਨਵੀਆਂ ਜਨਤਕ ਸਿਹਤ ਇਕਾਈਆਂ ਦਾ ਸੰਚਾਲਨ ਕੀਤਾ ਜਾਵੇਗਾ। ਦੇਸ਼ ਵਿੱਚ ਖੋਜ ਅਤੇ ਵਿਕਾਸ ਨੂੰ ਪ੍ਰੋਤਸਾਹਨ ਦੇਣ ਵਾਸਤੇ ਅਗਲੇ ਪੰਜ ਸਾਲ ਲਈ ਨੈਸ਼ਨਲ ਰਿਸਰਚ ਫਾਊਂਡੇਸ਼ਨ ਨੂੰ 50,000 ਕਰੋੜ ਰੁਪਏ ਵੰਡੇ ਗਏ ਹਨ।

### ਯੋਜਨਾ ਦੇ ਮੁੱਖ ਪਹਿਲੂ ਹਨ

- 17 ਹਜ਼ਾਰ ਗ੍ਰਾਮੀਣ ਅਤੇ 11 ਹਜ਼ਾਰ ਸ਼ਹਿਰੀ ਸਿਹਤ ਅਤੇ ਕਲਿਆਣ ਕੇਂਦਰਾਂ ਨੂੰ ਮਜ਼ਬੂਤ ਕੀਤਾ ਜਾਵੇਗਾ।
- ਸਾਰੇ ਜ਼ਿਲ੍ਹਿਆਂ ਵਿੱਚ ਏਕੀਕ੍ਰਿਤ ਜਨਤਕ ਸਿਹਤ ਪ੍ਰਯੋਗਸ਼ਾਲਾਵਾਂ ਅਤੇ 11 ਰਾਜਾਂ ਵਿੱਚ 3382 ਬਲਾਕ ਜਨਤਕ ਸਿਹਤ ਇਕਾਈਆਂ ਬਣਾਈਆਂ ਜਾਣਗੀਆਂ।
- 602 ਜ਼ਿਲ੍ਹਿਆਂ ਅਤੇ 12 ਕੇਂਦਰੀ ਸੰਸਥਾਨਾਂ ਵਿੱਚ ਕ੍ਰਿਟਿਕਲ ਕੇਅਰ ਬਲਾਕ ਤਿਆਰ ਕੀਤੇ ਜਾਣਗੇ।
- ਰਾਸ਼ਟਰੀ ਰੋਗ ਕੰਟਰੋਲ ਕੇਂਦਰ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

## ਕੋਰੋਨਾ ਟੀਕਾਕਰਣ ਲਈ 35,000 ਕਰੋੜ ਰੁਪਏ

35 ਹਜ਼ਾਰ ਕਰੋੜ ਰੁਪਏ ਦੇ ਬਜਟ ਨਾਲ ਕੋਵਿਡ-19 ਖ਼ਿਲਾਫ਼ ਦੇਸ਼ ਦੀ ਲੜਾਈ ਮਜ਼ਬੂਤ ਹੋਈ ਹੈ। ਭਾਰਤ ਦੀ ਅਗਵਾਈ ਦੀ ਭੂਮਿਕਾ, ਇਸ ਦੀ ਉਤਪਾਦਨ ਸਮਰੱਥਾ ਅਤੇ ਟੀਕਾਕਰਣ ਦੀ ਗਤੀ ਵਿੱਚ ਦਿਖਾਈ ਦਿੰਦੀ ਹੈ। 15 ਫਰਵਰੀ ਤੱਕ, 87 ਲੱਖ ਤੋਂ ਜ਼ਿਆਦਾ ਲੋਕਾਂ ਦਾ ਟੀਕਾਕਰਣ ਕੀਤਾ ਗਿਆ ਹੈ। ਦੇਸ਼ ਵਿੱਚ 16 ਜਨਵਰੀ ਨੂੰ ਟੀਕਾਕਰਣ ਮੁਹਿੰਮ ਸ਼ੁਰੂ ਹੋਈ ਸੀ।

**ਕਰੀਬ 20 ਟੀਕਿਆਂ 'ਤੇ ਹੋ ਰਿਹਾ ਹੈ ਕੰਮ-** ਭਾਰਤ ਘੱਟ ਤੋਂ ਘੱਟ 18 ਤੋਂ 20 ਟੀਕਿਆਂ 'ਤੇ ਕੰਮ ਕਰ ਰਿਹਾ ਹੈ ਜੋ ਇਸ ਸਮੇਂ ਵਿਭਿੰਨ ਪੜਾਵਾਂ ਵਿੱਚ ਹਨ। ਉਨ੍ਹਾਂ ਵਿੱਚੋਂ ਕੁਝ ਪਹਿਲੇ ਕਲੀਨਿਕਲ ਟ੍ਰਾਇਲ ਸਟੇਜ ਵਿੱਚ ਹਨ, ਕੁਝ ਕਲੀਨਿਕਲ ਟ੍ਰਾਇਲ, ਕੁਝ ਪਹਿਲੇ ਪੜਾਅ ਅਤੇ ਕੁਝ ਤੀਜੇ ਪੜਾਅ ਵਿੱਚ ਹਨ ਅਤੇ ਅਗਲੇ ਕੁਝ ਮਹੀਨਿਆਂ ਵਿੱਚ ਜਨਤਾ ਦੀ ਵਰਤੋਂ ਲਈ ਉਪਲਬਧ ਹੋ ਸਕਦੇ ਹਨ। ਭਾਰਤ ਕਈ ਦੇਸ਼ਾਂ ਨੂੰ ਟੀਕੇ ਨਿਰਯਾਤ ਕਰ ਰਿਹਾ ਹੈ।

**ਟੀਕਾਕਰਣ ਦਾ ਅਗਲਾ ਪੜਾਅ ਮਾਰਚ ਤੋਂ-** ਭਾਰਤ ਸਰਕਾਰ ਕੋਵਿਡ-19 ਟੀਕਾਕਰਣ ਮੁਹਿੰਮ ਦਾ ਅਗਲਾ ਪੜਾਅ ਮਾਰਚ ਵਿੱਚ ਸ਼ੁਰੂ ਕਰੇਗੀ। ਇਸ ਵਿੱਚ 50 ਸਾਲ ਤੋਂ ਜ਼ਿਆਦਾ ਉਮਰ ਦੇ ਜੋ ਲੋਕ ਹਨ, ਉਨ੍ਹਾਂ ਨੂੰ ਟੀਕਾ ਲਗਾਇਆ ਜਾਵੇਗਾ।

| ਮੰਤਰਾਲਾ/ਵਿਭਾਗ | ਅਸਲ 2019-20 | ਬੀਈ 2019-20 | ਬੀਈ 2021-22 |
|---|---|---|---|
| ਸਿਹਤ ਤੇ ਪਰਿਵਾਰ ਭਲਾਈ | 62,397 | 65,012 | 71,269 |
| ਸਿਹਤ ਖੋਜ | 1,934 | 2,100 | 2,663 |
| ਆਯੂਸ਼ | 1,784 | 2,122 | 2,970 |
| ਕੋਵਿਡ ਸਬੰਧੀ ਵਿਸ਼ੇਸ਼ ਪ੍ਰਾਵਧਾਨ | | | |
| ਟੀਕਾਕਰਣ | | | 35,000 |
| ਪੇਅਜਲ ਅਤੇ ਸਵੱਛਤਾ | 18,264 | 21,518 | 60,030 |
| ਪੋਸ਼ਣ | 1,880 | 3,700 | 2,700 |
| ਪਾਣੀ-ਸਵੱਛਤਾ ਲਈ ਵਿੱਤ ਕਮਿਸ਼ਨ ਗ੍ਰਾਂਟ | | | 36,022 |
| ਸਿਹਤ ਵਿੱਤ ਕਮਿਸ਼ਨ ਗ੍ਰਾਂਟ | | | 13,192 |
| ਕੁੱਲ | 86,259 | 94,452 | 2,23,846 |

ਅੰਕੜੇ ਕਰੋੜ ਰੁਪਏ ਵਿੱਚ



"ਕਿਸੇ ਵੀ ਦੇਸ਼ ਦੀ ਮਜ਼ਬੂਤ ਅਤੇ ਲਚਕੀਲੀ ਸਿਹਤ ਪ੍ਰਣਾਲੀ ਪ੍ਰਾਇਮਰੀ, ਸੈਕੰਡਰੀ ਅਤੇ ਤੀਸਰੇ ਦਰਜੇ ਦੇ ਮਜ਼ਬੂਤ ਸਿਹਤ ਬੁਨਿਆਦੀ ਢਾਂਚੇ 'ਤੇ ਖੜ੍ਹੀ ਹੁੰਦੀ ਹੈ, ਇਸ ਵਿੱਚ ਬਿਮਾਰੀਆਂ ਦਾ ਪਤਾ ਲਗਾਉਣ ਅਤੇ ਨਿਗਰਾਨੀ ਕਰਨ ਵਾਲੇ ਸੰਸਥਾਨਾਂ ਨਾਲ ਹੀ ਖੋਜ ਅਤੇ ਵਿਕਾਸ ਸੰਸਥਾਨਾਂ ਦਾ ਵੀ ਸਹਿਯੋਗ ਹੁੰਦਾ ਹੈ ਜੋ ਨੀਤੀਆਂ ਅਤੇ ਕਾਰਜਾਂ ਲਈ ਵਿਸ਼ਵ ਪੱਧਰੀ ਅਤਿ-ਆਧੁਨਿਕ ਖੋਜ ਦੇ ਨਤੀਜੇ ਪ੍ਰਦਾਨ ਕਰਦੇ ਹਨ।" - ਹਰਸ਼ ਵਰਧਨ, ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ

## ਸ਼ੌਰਿਆ ਅਤੇ ਪਰਾਕ੍ਰਮ ਨੂੰ ਨਮਨ

# ਇਤਿਹਾਸ ਨੂੰ ਸਮ੍ਰਿੱਧ ਕਰਨ ਦੀ ਦਿਸ਼ਾ ਵਿੱਚ ਵਧ ਰਿਹਾ ਹੈ ਭਾਰਤ




**ਉੱਤਰ ਪ੍ਰਦੇਸ਼ ਦੀ ਧਰਤੀ 'ਤੇ ਸ਼ੌਰਿਆ ਅਤੇ ਪਰਾਕ੍ਰਮ ਨਾਲ ਵਿਦੇਸ਼ੀ ਹਮਲਾਵਰ ਮਸੂਦ ਗ਼ਾਜ਼ੀ ਨੂੰ ਮਾਰਨ ਵਾਲੇ ਮਹਾਰਾਜ ਸੁਹੇਲਦੇਵ ਦੀ ਜਯੰਤੀ 'ਤੇ ਯਾਦਗਾਰ ਅਤੇ ਟੂਰਿਸਟ ਸੁਵਿਧਾਵਾਂ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਸ਼ੁਰੂਆਤ। ਏਕ ਭਾਰਤ-ਸ਼੍ਰੇਸ਼ਠ ਭਾਰਤ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਲਗਭਗ ਇੱਕ ਹਜ਼ਾਰ ਸਾਲ ਵਿੱਚ ਪਹਿਲੀ ਵਾਰ ਕਿਸੇ ਸਰਕਾਰ ਦੀ ਤਰਫੋਂ ਮਹਾਰਾਜਾ ਸੁਹੇਲਦੇਵ ਦੇ ਸਨਮਾਨ ਵਿੱਚ ਹੋਈ ਪਹਿਲ**

ਉੱਤਰ ਪ੍ਰਦੇਸ਼ ਦੀ ਧਰਤੀ ਆਦਿ ਕਾਲ ਤੋਂ ਹੀ ਅਧਿਆਤਮ, ਸੱਭਿਆਚਾਰ ਅਤੇ ਸ਼ੌਰਿਆ ਨਾਲ ਸੰਪੰਨ ਰਹੀ ਹੈ। ਇੱਥੇ ਅਵਤਾਰਾਂ ਦੇ ਨਾਲ ਰਿਸ਼ੀਆਂ, ਯੋਗੀਆਂ ਅਤੇ ਤਪੱਸਵੀਆਂ ਨੇ ਦੇਸ਼-ਦੁਨੀਆ ਨੂੰ ਭਾਰਤ ਦੇ ਗੌਰਵ ਤੋਂ ਜਾਣੂ ਕਰਵਾਇਆ ਤਾਂ ਇਸੇ ਭੂਮੀ ਦੇ ਰਣਬਾਂਕਿਆਂ ਨੇ ਬਾਹਰੀ ਹਮਲਾਵਰਾਂ ਤੋਂ ਲੈ ਕੇ ਸਮਰਾਜਵਾਦੀਆਂ ਨੂੰ ਮੂੰਹ ਦੀ ਖਾਣ ਲਈ ਮਜਬੂਰ ਕੀਤਾ। ਅਜਿਹੇ ਵਿੱਚ ਪਰਾਕ੍ਰਮੀਆਂ ਵਿੱਚ ਇੱਕ ਨਾਮ ਮਹਾਰਾਜਾ ਸੁਹੇਲਦੇਵ ਦਾ ਹੈ। ਉਨ੍ਹਾਂ ਨੇ ਆਪਣੇ ਸ਼ੌਰਿਆ ਅਤੇ ਪਰਾਕ੍ਰਮ ਦੇ ਨਾਲ ਥਾਰੂ ਅਤੇ ਬੰਜਾਰਾ ਸਮੂਹਾਂ ਅਤੇ ਅਨੇਕ ਰਾਜਿਆਂ ਦਾ ਸੰਘ ਬਣਾ ਕੇ ਚਿਤੌਰਾ ਦੇ ਯੁੱਧ ਵਿੱਚ ਵਿਦੇਸ਼ੀ ਹਮਲਾਵਰ ਮਹਿਮੂਦ ਗਜ਼ਨਵੀ ਦੇ ਭਾਣਜੇ ਸੈਯਦ ਸਾਲਾਰ ਮਸੂਦ ਗ਼ਾਜ਼ੀ ਦਾ ਉਸ ਦੀ ਸੈਨਾ ਸਮੇਤ ਸੰਹਾਰ ਕੀਤਾ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 16 ਫਰਵਰੀ ਨੂੰ ਬਹਰਾਇਚ ਵਿੱਚ ਮਹਾਰਾਜਾ ਸੁਹੇਲਦੇਵ ਦੀ ਜਯੰਤੀ ਦੇ ਸਬੰਧ ਵਿੱਚ ਮਹਾਰਾਜਾ ਸੁਹੇਲਦੇਵ ਯਾਦਗਾਰ 'ਤੇ ਘੋੜ ਸਵਾਰ ਪ੍ਰਤਿਮਾ ਅਤੇ ਚਿਤੌਰਾ ਝੀਲ ਦੇ ਤਟ 'ਤੇ ਵਿਕਾਸ ਦੀ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਨਾਲ ਨਾ ਸਿਰਫ਼ ਟੂਰਿਸਟ ਸੁਵਿਧਾਵਾਂ ਦਾ ਵਿਕਾਸ ਹੋਵੇਗਾ, ਬਲਿਕ ਮਹਾਰਾਜਾ ਸੁਹੇਲਦੇਵ ਦਾ ਦੇਸ਼ ਲਈ ਸਮਰਪਣ ਅਤੇ ਸੇਵਾ ਭਾਵ ਸਾਰਿਆਂ ਲਈ ਪ੍ਰੇਰਣਾ ਵੀ ਬਣੇਗਾ। 1000 ਸਾਲ ਬਾਅਦ ਮਹਾਰਾਜਾ ਸੁਹੇਲਦੇਵ ਨੂੰ ਕਿਸੇ ਸਰਕਾਰ ਦੁਆਰਾ ਇਸ ਤਰ੍ਹਾਂ ਸਨਮਾਨ ਦਿੱਤਾ ਜਾ ਰਿਹਾ ਹੈ। ਏਕ ਭਾਰਤ ਸ਼੍ਰੇਸ਼ਠ ਭਾਰਤ

> **ਮਹਾਰਾਜਾ ਸੁਹੇਲਦੇਵ ਦੇਸ਼ ਦੇ ਉਨ੍ਹਾਂ ਵੀਰਾਂ ਵਿੱਚ ਰਹੇ ਹਨ ਜਿਨ੍ਹਾਂ ਨੇ ਮਾਂ ਭਾਰਤੀ ਦੇ ਸਨਮਾਨ ਲਈ ਸੰਘਰਸ਼ ਕੀਤਾ। ਮਹਾਰਾਜ ਸੁਹੇਲਦੇਵ ਜਿਹੇ ਨਾਇਕ ਜਿਨ੍ਹਾਂ ਤੋਂ ਹਰ ਵੰਚਿਤ, ਸ਼ੋਸ਼ਿਤ ਪ੍ਰੇਰਣਾ ਲੈਂਦਾ ਹੈ। ਉਨ੍ਹਾਂ ਨੂੰ ਯਾਦ ਕਰਨਾ ਵੀ ਤਾਂ ਸਬਕਾ ਸਾਥ, ਸਬਕਾ ਵਿਕਾਸ ਦੇ ਮੰਤਰ ਨੂੰ ਨਵੀਂ ਸ਼ਕਤੀ ਦਿੰਦਾ ਹੈ।"**
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਦਾ ਪੂਰਾ ਸੰਬੋਧਨ ਸੁਣਨ ਲਈ QR ਕੋਡ ਸਕੈਨ ਕਰੋ।

स्वरवतैः स्वराष्ट्रं रक्षेत

# ਆਤਮਨਿਰਭਰਤਾ ਦੇ ਲਈ ਬਦਲਾਅ ਸੁਤੰਤਰਤਾ ਸੈਨਾਨੀਆਂ ਨੂੰ ਸ਼ਰਧਾਂਜਲੀ




**ਆਜ਼ਾਦੀ ਦੇ 75ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰਨ ਜਾ ਰਿਹਾ ਦੇਸ਼ ਉਸ ਚੌਰੀ-ਚੌਰਾ ਜਨਕ੍ਰਾਂਤੀ ਦਾ ਸ਼ਤਾਬਦੀ ਸਮਾਗਮ ਮਨਾ ਰਿਹਾ ਹੈ ਜਿਸ ਨੇ ਆਜ਼ਾਦੀ ਦੇ ਅੰਦੋਲਨ ਵਿੱਚ ਅਹਿਮ ਭੂਮਿਕਾ ਨਿਭਾਈ। ਚੌਰੀ-ਚੌਰਾ ਸ਼ਤਾਬਦੀ ਵਰ੍ਹੇ ਦੇ ਇਨ੍ਹਾਂ ਪ੍ਰੋਗਰਾਮਾਂ ਵਿੱਚ ਸਥਾਨਕ ਕਲਾ, ਸੱਭਿਆਚਾਰ ਅਤੇ ਆਤਮਨਿਰਭਰਤਾ ਨਾਲ ਜੋੜਨ ਦਾ ਯਤਨ ਹੋਵੇਗਾ, ਜੋ ਸੁਤੰਤਰਤਾ ਸੈਨਾਨੀਆਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ**

ਆਜ਼ਾਦੀ ਦੀ ਲੜਾਈ ਵਿੱਚ ਜਨ ਅੰਦੋਲਨਾਂ ਦਾ ਯੋਗਦਾਨ ਅਹਿਮ ਰਿਹਾ ਹੈ। ਅਜਿਹੇ ਹੀ ਅੰਦੋਲਨਾਂ ਨਾਲ ਆਮ ਜਨ ਦੇ ਮਨ ਵਿੱਚ ਉਸ ਤਰ੍ਹਾਂ ਦਾ ਹੀ ਭਾਵ ਪੈਦਾ ਹੋਵੇ ਅਤੇ ਨੌਜਵਾਨ ਪੀੜ੍ਹੀ ਦੇਸ਼ ਲਈ ਬਲੀਦਾਨ ਦੇਣ ਵਾਲੇ ਰਣਬਾਂਕਿਆਂ ਤੋਂ ਜਾਣੂ ਹੋਵੇ, ਇਸੇ ਦਿਸ਼ਾ ਵਿੱਚ ਉੱਤਰ ਪ੍ਰਦੇਸ਼ ਦੇ ਗੋਰਖਪੁਰ ਦੇ ਨਜ਼ਦੀਕ 4 ਫਰਵਰੀ 1921 ਨੂੰ ਹੋਈ ਚੌਰੀ-ਚੌਰਾ ਦੀ ਜਨਕ੍ਰਾਂਤੀ ਅਹਿਮ ਹੈ। ਇਸ ਇਤਿਹਾਸਿਕ ਘਟਨਾ ਦੇ ਸੌ ਸਾਲ ਪੂਰੇ ਹੋ ਰਹੇ ਹਨ। ਇਸੇ ਸਾਲ 4 ਫਰਵਰੀ ਨੂੰ ਚੌਰੀ-ਚੌਰਾ ਦੀ ਜਨਕ੍ਰਾਂਤੀ ਦੇ ਸ਼ਤਾਬਦੀ ਸਾਲ ਵਿੱਚ ਪ੍ਰਵੇਸ਼ ਕਰਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਤਾਬਦੀ ਸਮਾਰੋਹ ਦੀ ਸ਼ੁਰੂਆਤ ਕੀਤੀ। ਚੌਰੀ-ਚੌਰਾ ਵਿੱਚ ਰਾਸ਼ਟਰ ਭਗਤਾਂ ਨੇ ਬ੍ਰਿਟਿਸ਼ ਸਾਮਰਾਜ ਦੇ ਪ੍ਰਤੀਕ ਥਾਣੇ ਨੂੰ ਢਾਹ ਕੇ ਅੰਗਰੇਜ਼ਾਂ ਦੇ ਸ਼ਾਸਨ ਨੂੰ ਚੁਣੌਤੀ ਦਿੱਤੀ ਸੀ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਇੱਕ ਡਾਕ ਟਿਕਟ ਵੀ ਜਾਰੀ ਕੀਤੀ।

## ਪ੍ਰਧਾਨ ਮੰਤਰੀ ਦੇ ਸੰਬੋਧਨ ਦੇ ਅਹਿਮ ਬਿੰਦੂ:

- ਚੌਰੀ-ਚੌਰਾਂ ਦੀ ਘਟਨਾ ਸਿਰਫ਼ ਇੱਕ ਥਾਣੇ ਵਿੱਚ ਅੱਗ ਲਗਾ ਦੇਣ ਦੀ ਘਟਨਾ ਨਹੀਂ ਸੀ, ਬਲਕਿ ਇਸ ਦਾ ਸੰਦੇਸ਼ ਬਹੁਤ ਵੱਡਾ ਸੀ। ਅੱਗ ਸਿਰਫ਼ ਥਾਣੇ ਵਿੱਚ ਨਹੀਂ ਲਗੀ ਸੀ, ਅੱਗ ਜਨ-ਜਨ ਦੇ ਮਨ ਵਿੱਚ ਲਗੀ ਸੀ। ਇਹ ਦੇਸ਼ ਦੇ ਆਮ ਮਾਨਵ ਦਾ ਸੁਭਾਵਿਕ ਸੰਗ੍ਰਾਮ ਸੀ।
- 4 ਫਰਵਰੀ ਤੋਂ ਸ਼ੁਰੂ ਹੋ ਰਹੇ ਇਹ ਪ੍ਰੋਗਰਾਮ ਪੂਰੇ ਸਾਲ ਆਯੋਜਿਤ ਕੀਤੇ ਜਾਣਗੇ। ਇਸ ਦੌਰਾਨ ਚੌਰੀ-ਚੌਰਾ ਨਾਲ ਹੀ ਹਰ ਪਿੰਡ, ਹਰ ਖੇਤਰ ਦੇ ਵੀਰ ਬਲੀਦਾਨੀਆਂ ਨੂੰ ਵੀ ਯਾਦ ਕੀਤਾ ਜਾਵੇਗਾ।
- ਸਾਨੂੰ ਬਾਬਾ ਰਾਘਵਦਾਸ ਅਤੇ ਮਹਾਮਨਾ ਮਦਨ ਮੋਹਨ ਮਾਲਵੀਆ ਦੇ ਯਤਨਾਂ ਨੂੰ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਕਾਰਨ ਇਸ ਵਿਸ਼ੇਸ਼ ਦਿਨ ਲਗਭਗ 150 ਸੁਤੰਤਰਤਾ ਸੈਨਾਨੀਆਂ ਨੂੰ ਫਾਂਸੀ 'ਤੇ ਚੜ੍ਹਨ ਤੋਂ ਬਚਾ ਲਿਆ ਗਿਆ ਸੀ।
- ਜਿਸ ਸਮੂਹਿਕ ਤਾਕਤ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਦਿੱਤਾ, ਉਹੀ ਸਮੂਹਿਕਤਾ ਦੀ ਸ਼ਕਤੀ ਆਤਮਨਿਰਭਰ ਭਾਰਤ ਅਭਿਯਾਨ ਦਾ ਮੂਲ ਅਧਾਰ ਹੈ।

ਦੀ ਭਾਵਨਾ ਨਾਲ ਦੇਸ਼ ਨੂੰ ਜੋੜਨ ਦੀ ਦਿਸ਼ਾ ਵਿੱਚ ਇਹ ਇੱਕ ਕਦਮ ਹੈ। ਇਸ ਅਵਸਰ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਬੀਤੇ ਕੁਝ ਸਾਲਾਂ ਵਿੱਚ ਦੇਸ਼ ਭਰ ਵਿੱਚ ਇਤਿਹਾਸ, ਆਸਥਾ, ਅਧਿਆਤਮ, ਸੱਭਿਆਚਾਰ ਨਾਲ ਜੁੜੀਆਂ ਜਿੰਨੀਆਂ ਵੀ ਯਾਦਗਾਰਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾ ਬਹੁਤ ਵੱਡਾ ਟੀਚਾ ਟੂਰਿਜ਼ਮ ਨੂੰ ਪ੍ਰੋਤਸਾਹਨ ਦੇਣ ਦਾ ਵੀ ਹੈ।" ਇਤਿਹਾਸ ਦੀਆਂ ਉਨ੍ਹਾਂ ਗਲਤੀਆਂ ਦਾ ਵੀ ਪ੍ਰਧਾਨ ਮੰਤਰੀ ਨੇ ਜ਼ਿਕਰ ਕੀਤਾ ਜੋ ਅਕਸਰ ਚਰਚਾ ਵਿੱਚ ਰਹਿੰਦੀਆਂ ਹਨ। ਪ੍ਰਧਾਨ ਮੰਤਰੀ ਨੇ ਕਿਹਾ, "ਭਾਰਤ ਦਾ ਇਤਿਹਾਸ ਉਹ ਨਹੀਂ ਹੈ, ਜੋ ਗ਼ੁਲਾਮ ਬਣਾਉਣ ਵਾਲਿਆਂ ਨੇ ਲਿਖਿਆ। ਭਾਰਤ ਦਾ ਇਤਿਹਾਸ ਉਹ ਵੀ ਹੈ ਜੋ ਭਾਰਤ ਦੇ ਆਮ ਜਨ ਵਿੱਚ ਅਤੇ ਲੋਕ ਗਾਥਾਵਾਂ ਵਿੱਚ ਰਚਿਆ ਵਸਿਆ ਹੈ। ਅੱਜ ਜਦੋਂ ਭਾਰਤ ਆਪਣੀ ਆਜ਼ਾਦੀ ਦੇ 75ਵੇਂ ਸਾਲ ਵਿੱਚ ਪ੍ਰਵੇਸ਼ ਕਰ ਰਿਹਾ ਹੈ, ਅਜਿਹੇ ਵਿੱਚ ਸ਼ਹੀਦਾਂ ਨੂੰ ਨਮਨ ਕਰਨ ਤੋਂ ਵੱਡਾ ਕੋਈ ਅਵਸਰ ਨਹੀਂ ਹੋ ਸਕਦਾ। ਇਹ ਬਦਕਿਸਮਤੀ ਹੈ ਕਿ ਜਿਨ੍ਹਾਂ ਨੇ ਭਾਰਤੀਅਤਾ ਲਈ ਜੀਵਨ ਸਮਰਪਿਤ ਕਰ ਦਿੱਤਾ, ਉਨ੍ਹਾਂ ਨੂੰ ਉਹ ਸਥਾਨ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਸਨ। ਇਸ ਨੂੰ ਭਾਰਤ ਅੱਜ ਸੁਧਾਰ ਰਿਹਾ ਹੈ।"

ਕੇਂਦਰ ਸਰਕਾਰ ਦੀ ਇਸ ਪਹਿਲ ਨਾਲ ਨਿਸ਼ਚਿਤ ਤੌਰ 'ਤੇ ਉੱਤਰ ਪ੍ਰਦੇਸ਼ ਦੀ ਪਵਿੱਤਰ ਭੂਮੀ 'ਤੇ ਲਿਖੇ ਜਾਣ ਵਾਲੇ ਗੌਰਵਸ਼ਾਲੀ ਇਤਿਹਾਸ ਵਿੱਚ ਮਹਾਰਾਜਾ ਸੁਹੇਲਦੇਵ ਦੀ ਬਹਾਦਰੀ ਦੀ ਗਾਥਾ ਭਾਰਤੀ ਜਨਮਾਨਸ ਨੂੰ ਪ੍ਰੇਰਿਤ ਕਰਦੀ ਰਹੇਗੀ। ●



# ਜਦੋਂ ਵੀ ਆਈ ਆਪਦਾ, ਦੁਨੀਆ ਨੇ ਦੇਖਿਆ ਦੇਸ਼ ਦਾ ਦਮ

**ਕੋਰੋਨਾ ਜਿਹੀ ਆਲਮੀ ਆਪਦਾ ਦਾ ਭਾਰਤ ਨੇ ਜਿਸ ਤਰ੍ਹਾਂ ਡਟ ਕੇ ਮੁਕਾਬਲਾ ਕੀਤਾ, ਉਸ ਦਾ ਲੋਹਾ ਪੂਰੀ ਦੁਨੀਆ ਨੇ ਮੰਨਿਆ। ਲੇਕਿਨ ਖੇਤਰਫਲ ਦੇ ਲਿਹਾਜ਼ ਨਾਲ ਦੁਨੀਆ ਦਾ 7ਵਾਂ ਸਭ ਤੋਂ ਵੱਡਾ ਦੇਸ਼ ਭੂਗੋਲਿਕ ਵਿਵਿਧਤਾਵਾਂ ਨਾਲ ਵੀ ਭਰਿਆ ਹੋਇਆ ਹੈ। ਹਰ ਖੇਤਰ ਵਿਸ਼ੇਸ਼ ਵਿੱਚ ਬਦਲੀਆਂ ਹੋਈਆਂ ਪਰਿਸਥਿਤੀਆਂ ਅਤੇ ਉੱਪਰ ਤੋਂ ਜਲਵਾਯੂ ਪਰਿਵਰਤਨ ਦੇ ਚਲਦੇ ਕਦੇ ਕਿਸੇ ਇਲਾਕੇ ਵਿੱਚ ਹੜ੍ਹ ਤਾਂ ਕਿਧਰੇ ਸੋਕਾ, ਕਿਧਰੇ ਚੱਕਰਵਾਤ ਤਾਂ ਕਿਧਰੇ ਸੁਨਾਮੀ, ਭੂਚਾਲ, ਅੱਗ ਅਤੇ ਜ਼ਮੀਨ ਖਿਸਕਣ ਜਿਹੀਆਂ ਕੁਦਰਤੀ ਆਫ਼ਤਾਂ ਦਾ ਸਾਹਮਣਾ ਸਾਨੂੰ ਅਕਸਰ ਕਰਨਾ ਪੈਂਦਾ ਹੈ। ਇਸ ਲਈ ਜ਼ਰੂਰਤ ਸੀ ਬਿਹਤਰੀਨ ਆਪਦਾ ਪ੍ਰਬੰਧਨ ਦੀ। 2014 ਦੇ ਬਾਅਦ ਜਦੋਂ ਇਸ ਦਿਸ਼ਾ ਵਿੱਚ ਵਿਸ਼ੇਸ਼ ਤੌਰ 'ਤੇ ਸੋਚਿਆ ਗਿਆ ਤਾਂ ਆਪਦਾ ਪ੍ਰਬੰਧਨ ਦੇ ਅਜਿਹੇ ਕਈ ਉਦਾਹਰਣ ਸਾਹਮਣੇ ਆਏ, ਜਦੋਂ ਸਿਰਫ਼ ਮੁਆਵਜ਼ੇ ਅਤੇ ਰਾਹਤ ਸਮੱਗਰੀ ਦੀ ਵੰਡ ਤੋਂ ਬਾਹਰ ਨਿਕਲ ਕੇ ਇਸ ਚੁਣੌਤੀ ਦੇ ਸਮੇਂ ਵਿੱਚ ਬਿਹਤਰੀਨ ਕੰਮ ਕੀਤਾ ਗਿਆ...**

ਸਾਲ 2001 ਵਿੱਚ ਗੁਜਰਾਤ ਦਾ ਭੁਜ ਭੂਚਾਲ ਨਾਲ ਬੁਰੀ ਤਰ੍ਹਾਂ ਦਹਿਲ ਗਿਆ। ਕਈ ਜਾਨਾਂ ਗਈਆਂ, ਲੋਕਾਂ ਨੂੰ ਲਗਿਆ ਕਿ ਭੁਜ ਨੂੰ ਵਾਪਸ ਖੜ੍ਹੇ ਹੋਣ ਵਿੱਚ ਕਈ ਸਾਲ ਲਗ ਜਾਣਗੇ। ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤਦ ਗੁਜਰਾਤ ਦੇ ਮੁੱਖ ਮੰਤਰੀ ਹੋਇਆ ਕਰਦੇ ਸਨ। ਭੁਜ ਵਿੱਚ ਭੂਚਾਲ ਦੇ ਬਾਅਦ 500 ਦਿਨਾਂ ਦੇ ਅੰਦਰ ਰਿਕਾਰਡ 8 ਲੱਖ 76 ਹਜ਼ਾਰ ਤੋਂ ਜ਼ਿਆਦਾ ਘਰਾਂ ਦਾ ਪੁਨਰਨਿਰਮਾਣ ਕਰ ਦਿੱਤਾ ਗਿਆ। ਭਾਰਤ ਵਿੱਚ ਆਪਦਾ ਪ੍ਰਬੰਧਨ ਨੂੰ ਲੈ ਕੇ ਸਰਕਾਰੀ ਮਸ਼ੀਨਰੀ ਅਤੇ ਰਾਜਨੀਤਕ ਪ੍ਰਬੰਧਨ ਦੀ ਸੋਚ ਵਿੱਚ ਪਰਿਵਰਤਨ ਲਈ ਇਸ ਕਿੱਸੇ ਨੂੰ ਯਾਦ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇੱਕ ਵਾਰ ਖੁਦ ਇਸ ਦਾ ਜ਼ਿਕਰ ਕਰਦੇ ਹੋਏ ਕਿਹਾ, ''ਸਾਡੇ ਦੇਸ਼ ਵਿੱਚ ਆਪਦਾ ਪ੍ਰਬੰਧਨ ਪਹਿਲਾਂ ਸਿਰਫ਼ ਖੇਤੀਬਾੜੀ ਵਿਭਾਗ ਦਾ ਹਿੱਸਾ ਹੋਇਆ ਕਰਦਾ ਸੀ ਕਿਉਂਕਿ ਤਦ ਆਪਦਾ ਦਾ ਮਤਲਬ ਸਮਝਿਆ ਜਾਂਦਾ ਸੀ,

# ਆਫ਼ਤਾਂ ਦੇ ਲਿਹਾਜ਼ ਨਾਲ ਸੰਵੇਦਨਸ਼ੀਲ ਭਾਰਤ



ਦੇਸ਼ ਵਿੱਚ 36 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚੋਂ 27 ਆਪਦਾਗ੍ਰਸਤ ਹਨ। 58.6 ਪ੍ਰਤੀਸ਼ਤ ਭੂ-ਭਾਗ ਵਿੱਚ ਦਰਮਿਆਨੇ ਤੋਂ ਲੈ ਕੇ ਬਹੁਤ ਜ਼ਿਆਦਾ ਤੀਬਰਤਾ ਦੇ ਭੂਚਾਲ ਦਾ ਖਤਰਾ ਹੈ। 12 ਫੀਸਦੀ ਜ਼ਮੀਨ ’ਤੇ ਹੜ੍ਹ ਅਤੇ ਨਦੀ ਨਾਲ ਜਲ ਕਟਾਅ ਦੀ ਸੰਭਾਵਨਾ ਹੈ। 5,700 ਕਿਲੋਮੀਟਰ ਤਟ ’ਤੇ ਚੱਕਰਵਾਤ ਅਤੇ ਸੁਨਾਮੀ ਦਾ ਖ਼ਤਰਾ ਹੈ। ਪਹਾੜੀ ਖੇਤਰਾਂ ਵਿੱਚ ਜ਼ਮੀਨ ਖਿਸਕਣ ਅਤੇ ਬਰਫ਼ ਦੇ ਤੋਦੇ ਡਿੱਗਣ ਦਾ ਖਤਰਾ ਹੈ। ਸ਼ਹਿਰਾਂ ਵਿੱਚ ਆਉਣ ਵਾਲੇ ਹੜ੍ਹ, ਅੱਗ ਲਗਣ ਦੀਆਂ ਘਟਨਾਵਾਂ, ਉਦਯੋਗਿਕ ਦੁਰਘਟਨਾਵਾਂ ਅਤੇ ਰਸਾਇਣਿਕ, ਜੈਵਿਕ ਅਤੇ ਰੇਡੀਓਐਕਟਿਵ ਮੈਟੀਰੀਅਲ ਨਾਲ ਸਬੰਧਿਤ ਹੋਰ ਮਾਨਵ ਦੁਆਰਾ ਸਿਰਜੀਆਂ ਆਫ਼ਤਾਂ ਵਾਧੂ ਖਤਰੇ ਹਨ। ਅਨਿਯੋਜਿਤ ਤਰੀਕੇ ਨਾਲ ਸ਼ਹਿਰੀਕਰਨ, ਉੱਚ ਜੋਖਿਮ ਵਾਲੇ ਖੇਤਰਾਂ ਵਿੱਚ ਵਿਕਾਸ ਅਤੇ ਹੋਰ ਕਾਰਕਾਂ ਨਾਲ ਸਬੰਧਿਤ ਵਧਦੀ ਅਸੰਵੇਦਨਸ਼ੀਲਤਾ ਨੇ ਆਪਦਾ ਜੋਖਿਮਾਂ ਨੂੰ ਹੋਰ ਜ਼ਿਆਦਾ ਜਟਿਲ ਬਣਾ ਦਿੱਤਾ ਹੈ।

### ਕੋਰੋਨਾ ਕਾਲ ਵਿੱਚ ਕੁਸ਼ਲ ਆਪਦਾ ਪ੍ਰਬੰਧਨ ਨੇ ਹੀ ਬਚਾਈਆਂ ਲੱਖਾਂ ਜਾਨਾਂ



ਇਹ ਐੱਨਡੀਐੱਮਏ ਐਕਟ ਹੀ ਸੀ ਜਿਸ ਦੀ ਮਦਦ ਨਾਲ ਭਾਰਤ ਨੇ ਕੋਰੋਨਾ ਵਾਇਰਸ ਮਹਾਮਾਰੀ ਖ਼ਿਲਾਫ਼ ਇੰਨੀ ਵੱਡੀ ਲੜਾਈ ਲੜੀ। 24 ਮਾਰਚ, 2020 ਨੂੰ ਐੱਨਡੀਐੱਮਏ ਦੀ ਸ਼ਿਫਾਰਸ਼ ’ਤੇ ਰਾਸ਼ਟਰੀ ਲੌਕਡਾਊਨ ਦੇ ਐਲਾਨ ਤੋਂ ਪਹਿਲਾਂ ਵਿਭਿੰਨ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਆਪਦਾ ਪ੍ਰਬੰਧਨ ਐਕਟ ਪਹਿਲੀ ਵਾਰ ਲਾਗੂ ਕੀਤਾ ਗਿਆ ਸੀ। ਇਸ ਐਕਟ ਦੀ ਮਦਦ ਨਾਲ ਲੱਖਾਂ ਲੋਕਾਂ ਦੀ ਜਾਨ ਬਚਾਉਣ ਵਿੱਚ ਮਦਦ ਮਿਲੀ ਅਤੇ ਦੇਸ਼ ਨੂੰ ਭਾਰੀ ਸੰਕਟ ਤੋਂ ਕੱਢਿਆ ਜਾ ਸਕਿਆ। ਇੱਕ ਅਨੁਮਾਨ ਦੇ ਮੁਤਾਬਕ ਲੌਕਡਾਊਨ ਦੇ ਫੈਸਲੇ ਨਾਲ ਭਾਰਤ ਵਿੱਚ ਮਹਾਮਾਰੀ ਦੀ ਗਤੀ ਧੀਮੀ ਹੋਈ ਅਤੇ 14-29 ਲੱਖ ਮਾਮਲਿਆਂ ਵਿੱਚ ਕਮੀ ਆਈ ਅਤੇ 37-78 ਹਜ਼ਾਰ ਮੌਤਾਂ ਨੂੰ ਰੋਕਿਆ ਜਾ ਸਕਿਆ।

### ਆਪਦਾ ਮਿੱਤਰ: ਜ਼ਰੂਰਤ ਪੈਣ ’ਤੇ ਦੋਸਤ



ਆਪਦਾ ਦੇ ਸਮੇਂ ਲੋਕਾਂ ਦੀ ਜਾਨ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ 2015 ਵਿੱਚ ‘ਆਪਦਾ ਮਿੱਤਰ’ ਸ਼ੁਰੂ ਕੀਤਾ ਸੀ। ਇਹ ਯੋਜਨਾ ਹੁਣ ਆਪਦਾ ਪ੍ਰਤੀਕਿਰਿਆ ਅਤੇ ਜੋਖਿਮ ਘੱਟ ਤੋਂ ਘੱਟ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਦੇ ਵਲੰਟੀਅਰਾਂ ਨੇ 2019 ਵਿੱਚ ਓਡੀਸ਼ਾ ਵਿੱਚ ਫਾਨੀ ਚੱਕਰਵਾਤ ਦੀ ਤਿਆਰੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਨਾਲ ਹੀ 20 ਅਗਸਤ 2020 ਨੂੰ ਉੱਤਰ ਪ੍ਰਦੇਸ਼ ਦੇ ਗੋਰਖਪੁਰ ਜ਼ਿਲ੍ਹੇ ਵਿੱਚ ਹੋਈ ਇੱਕ ਕਿਸ਼ਤੀ ਦੁਰਘਟਨਾ ਵਿੱਚ 135 ਲੋਕਾਂ ਦੀ ਜਾਨ ਬਚਾਈ ਅਤੇ ਉੱਤਰਾਖੰਡ ਦੇ ਹਰਿਦੁਆਰ ਵਿੱਚ 2018-19 ਵਿੱਚ ਕਾਵੜ ਯਾਤਰਾ ਦੌਰਾਨ 125 ਲੋਕਾਂ ਨੂੰ ਗੰਗਾ ਨਦੀ ਵਿੱਚ ਡੁੱਬਣ ਤੋਂ ਬਚਾਇਆ। ਵਲੰਟੀਅਰਾਂ ਦੇ ਰੂਪ ਵਿੱਚ ਕੰਮ ਕਰਨ ਵਾਲੀਆਂ ਮਹਿਲਾਵਾਂ ਅਤੇ ਲੜਕੀਆਂ ਨੂੰ ‘ਆਪਦਾ ਸਖੀ’ ਕਿਹਾ ਜਾਂਦਾ ਹੈ।

ਹੜ੍ਹ ਜਾਂ ਸੋਕਾ, ਲੇਕਿਨ ਭੁਜ ਵਿੱਚ ਆਏ ਭੂਚਾਲ ਤੋਂ ਸਬਕ ਲੈਂਦੇ ਹੋਏ 2003 ਵਿੱਚ ਪਹਿਲੀ ਵਾਰ ਗੁਜਰਾਤ ਆਪਦਾ ਪ੍ਰਬੰਧਨ ਕਾਨੂੰਨ ਬਣਾਇਆ ਗਿਆ। ਬਾਅਦ ਵਿਚ ਇਸੇ ਤੋਂ ਪ੍ਰੇਰਣਾ ਲੈ ਕੇ ਤਤਕਾਲੀ ਕੇਂਦਰ ਸਰਕਾਰ ਨੇ ਸਾਲ 2005 ਵਿੱਚ ਪੂਰੇ ਦੇਸ਼ ਲਈ ਆਪਦਾ ਪ੍ਰਬੰਧਨ ਕਾਨੂੰਨ ਬਣਾਇਆ।"

ਸਾਲ 2005 ਵਿੱਚ ਗੁਜਰਾਤ ਤੋਂ ਪ੍ਰੇਰਣਾ ਲੈ ਕੇ ਕਾਨੂੰਨ ਬਣਾਇਆ ਗਿਆ, ਤਦ ਸ਼ੁਰੂਆਤ ਹੋਈ ਰਾਸ਼ਟਰੀ ਆਪਦਾ ਪ੍ਰਬੰਧਨ ਅਥਾਰਿਟੀ (ਐੱਨਡੀਐੱਮਏ) ਦੀ ਅਤੇ ਇਸ ਦੀ ਸਰਗਰਮੀ ਦਾ ਨਤੀਜਾ ਹੈ ਕਿ ਅੱਜ ਦੇਸ਼ ਵਿੱਚ ਚਾਹੇ ਕੁਦਰਤੀ ਜਾਂ ਮਾਨਵ ਸਿਰਜੀ ਆਪਦਾ ਆਈ ਹੋਵੇ ਜਾਂ ਫਿਰ ਕੋਰੋਨਾ ਵਾਇਰਸ ਮਹਾਮਾਰੀ ਨਾਲ ਲੜਾਈ। ਭਾਰਤ ਨੇ ਸਫਲਤਾਪੂਰਬਕ ਇਨ੍ਹਾਂ ਸਭ ਦਾ ਸਾਹਮਣਾ ਕੀਤਾ ਹੈ। ਐੱਨਡੀਐੱਮਏ ਇਨ੍ਹਾਂ ਲੜਾਈਆਂ ਵਿੱਚ ਹਮੇਸ਼ਾ ਮੋਹਰੀ ਮੋਰਚੇ ’ਤੇ ਤੈਨਾਤ ਰਿਹਾ ਹੈ। ਇਹੀ ਨਹੀਂ, ਕੇਦਾਰਨਾਥ ਤ੍ਰਾਸਦੀ ਤੋਂ ਲੈ ਕੇ ਕਸ਼ਮੀਰ ਵਿੱਚ ਹੜ੍ਹ ਅਤੇ ਹੁਦਹੁਦ ਤੋਂ ਲੈ ਕੇ ਅੰਫਾਨ ਤੱਕ ਐੱਨਡੀਐੱਮਏ ਦੀ ਸਰਗਰਮੀ ਨੇ ਨਾ ਸਿਰਫ਼ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਪੁਰਾਣੀਆਂ ਪਿਰਤਾਂ ਨੂੰ ਬਦਲਿਆ, ਬਲਕਿ ਨਵੇਂ ਰਿਕਾਰਡ ਵੀ ਸਥਾਪਿਤ ਕੀਤੇ ਹਨ। ਰੋਕਥਾਮ, ਨਿਊਨੀਕਰਨ, ਤਤਪਰਤਾ ਅਤੇ

# ...ਨੁਕਸਾਨ ਘੱਟ ਕਰਨ ਵਿੱਚ ਸਫਲ ਰਹੇ ਅਸੀਂ



2019 ਦੇ ਅਪ੍ਰੈਲ-ਮਈ ਵਿੱਚ ਓਡੀਸ਼ਾ ਚੱਕਰਵਾਤੀ ਤੂਫ਼ਾਨ ਫਾਨੀ ਆਇਆ ਸੀ। ਰਾਜ ਵਿੱਚ ਕੁੱਲ 14 ਜ਼ਿਲ੍ਹਿਆਂ ਵਿੱਚ ਇੱਕ ਕਰੋੜ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਸਨ। ਬਾਵਜੂਦ ਇਸ ਦੇ ਮਰਨ ਵਾਲਿਆਂ ਦੀ ਸੰਖਿਆ 100 ਤੱਕ ਨਹੀਂ ਗਈ ਸੀ।

ਇਸੇ ਤਰ੍ਹਾਂ ਜੂਨ 2020 ਵਿੱਚ ਓਡੀਸ਼ਾ ਅਤੇ ਪੱਛਮ ਬੰਗਾਲ ਵਿੱਚ ਅੰਫਾਨ ਚੱਕਰਵਾਤ ਆਇਆ ਸੀ। ਮੌਸਮ ਵਿਭਾਗ ਦੇ ਪੂਰਵ-ਅਨੁਮਾਨ ਦੇ ਨਾਲ ਹੀ ਐੱਨਡੀਐੱਮਏ ਸਰਗਰਮ ਹੋ ਗਿਆ ਅਤੇ ਮਰਨ ਵਾਲਿਆਂ ਦੀ ਸੰਖਿਆ ਸਿਰਫ਼ ਦੋਹਰੇ ਅੰਕ ਤੱਕ ਸਿਮਟੀ ਰਹੀ।

ਇਸ ਦੇ ਤੁਰੰਤ ਬਾਅਦ ਜੂਨ 2020 ਵਿੱਚ ਭਾਰਤ ਦੇ ਪੱਛਮੀ ਤਟ 'ਤੇ ਇੱਕ ਹੋਰ ਚੱਕਰਵਾਤ ਆਇਆ ਸੀ ਅਤੇ ਮਰਨ ਵਾਲਿਆਂ ਦੀ ਸੰਖਿਆ 10 ਤੋਂ ਵੀ ਘੱਟ ਰਹੀ।

2018 ਵਿੱਚ ਉੱਤਰੀ ਹਿੰਦ ਮਹਾਸਾਗਰ ਵਿੱਚ 1992 ਦੇ ਬਾਅਦ ਤੋਂ ਚੱਕਰਵਾਤ ਸਭ ਤੋਂ ਜ਼ਿਆਦਾ ਸਰਗਰਮ ਸੀ। ਇੱਥੇ ਸੱਤ ਵਾਰ ਚੱਕਰਵਾਤ ਆਇਆ। ਮਰਨ ਵਾਲਿਆਂ ਦੀ ਸੰਖਿਆ ਘੱਟ ਰੱਖਣ ਲਈ ਹਜ਼ਾਰਾਂ ਲੋਕਾਂ ਨੂੰ ਉੱਥੋਂ ਕੱਢਿਆ ਗਿਆ।

2018 ਵਿੱਚ ਕੇਰਲ ਵਿੱਚ ਮੌਨਸੂਨ ਦਾ ਮੌਸਮ ਅਸਾਧਾਰਣ ਰਿਹਾ। ਵਰਖਾ, ਜ਼ਮੀਨ ਖਿਸਕਣ ਕਾਰਨ ਘਰਾਂ ਦੇ ਢਹਿਣ, ਦਰੱਖਤਾਂ ਦੇ ਡਿੱਗਣ ਦੀਆਂ ਘਟਨਾਵਾਂ ਹੋਈਆਂ ਅਤੇ ਸੰਚਾਰ ਪ੍ਰਣਾਲੀ ਵਿੱਚ ਰੁਕਾਵਟ ਆਈ। ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ 54 ਲੱਖ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ। ਮਰਨ ਵਾਲਿਆਂ ਦੀ ਸੰਖਿਆ 450 ਦੇ ਨਜ਼ਦੀਕ ਰਹੀ।

ਜਨਵਰੀ 2015 ਵਿੱਚ ਸਿੰਧੂ ਨਦੀ ਦੀ ਇੱਕ ਸਹਾਇਕ ਨਦੀ ਫੁਕਤਾਲ, ਵੱਡੀ ਜ਼ਮੀਨ ਖਿਸਕਣ ਕਾਰਨ ਬੰਦ ਹੋ ਗਈ ਸੀ। ਇਸ ਨਾਲ ਬਣਾਉਟੀ ਝੀਲ ਦਾ ਨਿਰਮਾਣ ਹੋਇਆ ਸੀ ਅਤੇ ਜਲ ਭੰਡਾਰ ਦੇ ਟੁੱਟਣ ਦਾ ਖਤਰਾ ਸੀ। ਐੱਨਡੀਐੱਮਏ ਦੀ ਇੱਕ ਟੀਮ ਨੇ ਇੱਕ ਚੈਨਲ ਬਣਾਇਆ ਜਿਸ ਨਾਲ ਨਦੀ ਦੇ ਵਹਾਅ ਖੇਤਰ ਵਿੱਚੋਂ ਜਲ ਬਾਹਰ ਕੱਢਿਆ ਜਾ ਸਕਿਆ।

**ਅਪ੍ਰੈਲ 2015 ਵਿੱਚ ਜਦੋਂ ਨੇਪਾਲ ਵਿੱਚ ਭੂਚਾਲ ਆਇਆ ਤਦ ਵੀ ਭਾਰਤ ਨੇ ਰਾਹਤ ਸਮੱਗਰੀ ਅਤੇ ਬਚਾਅ ਕਾਰਜਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਭਾਰਤ ਦੀ ਤਰਫੋਂ ਐੱਨਡੀਐੱਮਏ ਨੇ ਇਸ ਪੂਰੇ ਬਚਾਅ ਕਾਰਜ ਵਿੱਚ ਮਾਹਿਰਾਂ ਦੀ ਇੱਕ ਟੀਮ ਨਾਲ ਹਿੱਸਾ ਲਿਆ।**

ਪ੍ਰਤੀਕਿਰਿਆ' ਦੇ ਨਿਯਮ ਦਾ ਪਾਲਣ ਕਰਦੇ ਹੋਏ ਕੇਂਦਰ ਸਰਕਾਰ ਕੁਦਰਤੀ ਅਤੇ ਮਾਨਵ ਵੱਲੋਂ ਸਿਰਜੀਆਂ ਆਫ਼ਤਾਂ ਦੁਆਰਾ ਹੋਣ ਵਾਲੀ ਹਾਨੀ ਦੀ ਰੋਕਥਾਮ, ਘੱਟ ਕਰਨ ਅਤੇ ਤਿਆਰੀ ਦੇ ਰਾਸ਼ਟਰੀ ਸੰਕਲਪ ਨੂੰ ਨਿਭਾ ਰਹੀ ਹੈ।

## ਪਹਿਲੀ ਵਾਰ ਰਾਸ਼ਟਰੀ ਆਪਦਾ ਹੈਲਪਲਾਈਨ

2014 ਦੇ ਬਾਅਦ ਐੱਨਡੀਐੱਮਏ ਨੂੰ ਮਜ਼ਬੂਤ ਕਰਨ ਲਈ ਕਈ ਕਦਮ ਉਠਾਏ ਗਏ। ਇਨਟੈਂਸਿਵ ਟ੍ਰੇਨਿੰਗ ਅਤੇ ਜਾਗਰੂਕਤਾ ਦੇ ਨਾਲ-ਨਾਲ ਭਾਰਤ ਨੇ 2015 ਵਿੱਚ ਰਾਸ਼ਟਰੀ ਆਪਦਾ ਹੈਲਪਲਾਈਨ ਨੰਬਰ 1078 ਵੀ ਸ਼ੁਰੂ ਕੀਤਾ। ਸ਼ੁਰੂ ਹੋਣ ਦੇ ਬਾਅਦ ਤੋਂ 2015 ਤੱਕ ਆਪਦਾ ਪ੍ਰਬੰਧਨ ਦੇ ਅਲੱਗ-ਅਲੱਗ ਥੀਮਾਂ 'ਤੇ 18 ਰਾਸ਼ਟਰੀ ਆਪਦਾ ਪ੍ਰਬੰਧਨ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਗਏ ਹਨ। ਉਨ੍ਹਾਂ ਵਿੱਚੋਂ ਸਿਰਫ਼ 2014-15 ਵਿੱਚ ਹੀ ਪੰਜ ਦਿਸ਼ਾ ਨਿਰਦੇਸ਼ ਤਿਆਰ ਕੀਤੇ ਗਏ ਸਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 1 ਜੂਨ, 2016 ਨੂੰ ਰਾਸ਼ਟਰੀ ਆਪਦਾ ਪ੍ਰਬੰਧਨ ਯੋਜਨਾ (ਐੱਨਡੀਐੱਮਪੀ) ਜਾਰੀ ਕੀਤੀ। ਇਹ ਦੇਸ਼ ਵਿੱਚ ਇਸ ਤਰ੍ਹਾਂ ਦੀ ਪਹਿਲੀ ਰਾਸ਼ਟਰੀ ਯੋਜਨਾ ਹੈ।

ਸਾਲ 2015 ਵਿੱਚ ਇਸ ਵਿੱਚ ਇੱਕ ਹੋਰ ਨਵੀਂ ਸ਼ੁਰੂਆਤ ਕਰਦੇ ਹੋਏ ਭਾਰਤ ਨੇ ਸੰਯੁਕਤ ਰਾਸ਼ਟਰ ਦੁਆਰਾ ਕੁਦਰਤੀ ਆਪਦਾ ਵਿੱਚ ਜੋਖਿਮ ਨੂੰ ਘੱਟ ਤੋਂ ਘੱਟ ਕਰਨ ਲਈ ਤਿਆਰ ਅੰਤਰਰਾਸ਼ਟਰੀ ਨੀਤੀ ਨੂੰ ਅਪਣਾਇਆ। ਇਸ ਦੀ ਬੈਠਕ ਜਪਾਨ ਦੇ ਸੇਂਦਾਈ ਵਿੱਚ ਹੋਈ ਸੀ। ਇਸ ਲਈ ਇਸ ਨੂੰ ਸੇਂਦਾਈ ਫ੍ਰੇਮਵਰਕ ਕਿਹਾ ਜਾਂਦਾ ਹੈ। 2030 ਤੱਕ ਲਈ ਤਿਆਰ ਇਸ ਯੋਜਨਾ ਵਿੱਚ ਸਾਲ 2019 ਵਿੱਚ ਸੋਧ ਕਰਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 10 ਸੂਤਰੀ ਏਜੰਡੇ ਨੂੰ ਸ਼ਾਮਲ ਕੀਤਾ ਗਿਆ ਹੈ ਤਾਕਿ ਕਿਸੇ ਵੀ ਕੁਦਰਤੀ ਆਪਦਾ ਦੀ ਸਥਿਤੀ ਵਿੱਚ ਜਾਨ-ਮਾਲ ਦੇ ਨੁਕਸਾਨ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।

ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਭਾਰਤ ਨੇ ਪਿਛਲੇ 6 ਵਰ੍ਹਿਆਂ ਵਿੱਚ ਨਾ ਸਿਰਫ਼ ਬਹੁਤ ਸੁਧਾਰ ਕੀਤਾ ਹੈ, ਬਲਕਿ ਇਸ ਗੱਲ ਦਾ ਵੀ ਧਿਆਨ ਰੱਖਿਆ ਹੈ ਕਿ ਭੂਗੋਲਿਕ ਚੁਣੌਤੀਆਂ ਨਾਲ ਭਰੇ ਇਸ ਖੇਤਰ ਵਿੱਚ ਨਾ ਸਿਰਫ਼ ਆਫ਼ਤਾਂ ਦੀ ਭਵਿੱਖਬਾਣੀ ਨੂੰ ਬਿਹਤਰ ਕੀਤਾ ਜਾਵੇ ਬਲਕਿ ਆਪਦਾ ਦੀ ਸਥਿਤੀ ਵਿੱਚ ਤੀਬਰ ਗਤੀ ਨਾਲ ਰਾਹਤ ਪਹੁੰਚਾਈ ਜਾ ਸਕੇ। ਬੀਤੇ ਸਮੇਂ ਵਿੱਚ ਆਈਆਂ ਕੁਦਰਤੀ ਆਫ਼ਤਾਂ ਦੇ ਸਮੇਂ ਇਸੇ ਸੂਤਰ 'ਤੇ ਚਲ ਕੇ ਭਾਰਤ ਨਾ ਸਿਰਫ਼ ਆਪਣੇ ਇੱਥੇ ਨੁਕਸਾਨ ਨੂੰ ਬੇਹੱਦ ਘੱਟ ਕਰ ਸਕਿਆ ਹੈ, ਬਲਕਿ ਮਾਲਦੀਵ ਵਿੱਚ ਜਲਸੰਕਟ ਅਤੇ ਅਫ਼ਗ਼ਾਨਿਸਤਾਨ ਤੇ ਨੇਪਾਲ ਵਿੱਚ ਭੂਚਾਲ ਦੌਰਾਨ ਮਿੱਤਰਾਂ ਨੂੰ ਮਦਦ ਪਹੁੰਚਾਉਣ ਦੀ ਦਿਸ਼ਾ ਵਿੱਚ ਵੀ ਅੱਗੇ ਵਧਿਆ ਹੈ। ●

# ਉੱਤਰਾਖੰਡ ਦੇ ਚਮੋਲੀ ਵਿੱਚ ਬਰਫ਼ ਦੇ ਤੋਦੇ ਡਿੱਗਣ ਨਾਲ 51 ਦੀ ਮੌਤ, 153 ਲਾਪਤਾ



ਸੱਤ ਫਰਵਰੀ 2021 ਨੂੰ ਸਵੇਰੇ ਲਗਭਗ 10 ਵਜੇ, ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਅਲਕਨੰਦਾ ਦੀ ਇੱਕ ਸਹਾਇਕ ਨਦੀ ਰਿਸ਼ੀਗੰਗਾ ਦੇ ਉੱਪਰੀ ਜਲ ਗ੍ਰਹਿਣ ਖੇਤਰ ਵਿੱਚ ਬਰਫ਼ ਦੇ ਤੋਦੇ ਡਿੱਗਣ ਦੀ ਇੱਕ ਘਟਨਾ ਹੋਈ, ਜਿਸ ਕਾਰਨ ਰਿਸ਼ੀਗੰਗਾ ਨਦੀ ਦੇ ਜਲ ਪੱਧਰ ਵਿੱਚ ਅਚਾਨਕ ਕਾਫ਼ੀ ਵਾਧਾ ਹੋ ਗਿਆ। ਕੇਂਦਰ ਅਤੇ ਰਾਜ ਦੀਆਂ ਸਾਰੀਆਂ ਸਬੰਧਿਤ ਏਜੰਸੀਆਂ ਨੇ ਸਥਿਤੀ ’ਤੇ ਸਖ਼ਤ ਨਜ਼ਰ ਰੱਖੀ ਹੋਈ ਹੈ..

7 ਫਰਵਰੀ, 2021 ਦੇ ਸੈਟੇਲਾਈਟ ਡੇਟਾ ਅਨੁਸਾਰ ਰਿਸ਼ੀਗੰਗਾ ਨਦੀ ਦੇ ਜਲਗ੍ਰਹਿਣ ਖੇਤਰ ਵਿੱਚ ਸਮੁੰਦਰ ਤਲ ਤੋਂ ਲਗਭਗ 5600 ਮੀਟਰ ਉੱਪਰ ਸਥਿਤ ਗਲੇਸ਼ੀਅਰ ਦੇ ਮੁਹਾਨੇ ’ਤੇ ਬਰਫ਼ ਦੇ ਤੋਦੇ ਡਿੱਗੇ ਜੋ ਕਿ ਲਗਭਗ 14 ਵਰਗ ਕਿਲੋਮੀਟਰ ਖੇਤਰ ਦੇ ਸਨ। ਇਸ ਕਾਰਨ ਰਿਸ਼ੀਗੰਗਾ ਨਦੀ ਦੇ ਹੇਠਲੇ ਖੇਤਰ ਵਿੱਚ ਫਲੈਸ਼ ਫਲੱਡ (ਅਚਾਨਕ ਆਇਆ ਹੜ੍ਹ) ਦੀ ਸਥਿਤੀ ਬਣ ਗਈ। ਇਹ ਆਪਣੇ ਰਸਤੇ ਵਿੱਚ ਆਉਣ ਵਾਲੀਆਂ ਸਾਰੀਆਂ ਚੀਜ਼ਾਂ ਨੂੰ ਬਹਾ ਕੇ ਲੈ ਗਿਆ। ਰਿਸ਼ੀਗੰਗਾ ਨਦੀ ਦੇ ਜਲ ਪੱਧਰ ਵਿੱਚ ਵਾਧੇ ਕਾਰਨ ਆਏ ਹੜ੍ਹ ਨਾਲ 13.2 ਮੈਗਾਵਾਟ ਦਾ ਛੋਟਾ ਪਣਬਿਜਲੀ ਪ੍ਰੋਜੈਕਟ ਵਹਿ ਗਿਆ। ਹੜ੍ਹ ਨੇ ਹੇਠਲੇ ਖੇਤਰ ਵਿੱਚ ਤਪੋਵਨ ਵਿੱਚ ਧੌਲੀਗੰਗਾ ਨਦੀ ’ਤੇ ਸਥਿਤ ਐੱਨਟੀਪੀਸੀ ਦੇ ਨਿਰਮਾਣ ਅਧੀਨ 520 ਮੈਗਾਵਾਟ ਦੇ ਪਣਬਿਜਲੀ ਪ੍ਰੋਜੈਕਟ ਨੂੰ ਵੀ ਨੁਕਸਾਨ ਪਹੁੰਚਾਇਆ ਹੈ।

ਇਸ ਆਪਦਾ ਦੇ ਬਾਅਦ ਫਸੇ ਹੋਏ ਲੋਕਾਂ ਨੂੰ ਬਚਾਉਣ ਲਈ ਕਈ ਏਜੰਸੀਆਂ ਨੇ ਜਲਦੀ ਹੀ ਇੱਕ ਮੁਹਿੰਮ ਸ਼ੁਰੂ ਕੀਤੀ। ਕੇਂਦਰ ਸਰਕਾਰ ਨੇ ਸਬੰਧਿਤ ਏਜੰਸੀਆਂ ਨੂੰ ਆਪਸ ਵਿੱਚ ਤਾਲਮੇਲ ਕਰਨ ਅਤੇ ਰਾਜ ਪ੍ਰਸ਼ਾਸਨ ਨੂੰ ਸਾਰੀ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਉਣ ਦਾ ਨਿਰਦੇਸ਼ ਦਿੱਤਾ। 15 ਫਰਵਰੀ, 2021 ਤੱਕ ਘੱਟ ਤੋਂ ਘੱਟ 51 ਲਾਸ਼ਾਂ ਬਰਾਮਦ ਹੋਈਆਂ ਸਨ ਅਤੇ 153 ਲੋਕ ਅਜੇ ਵੀ ਲਾਪਤਾ ਹਨ। ਬਚਾਅ ਕਾਰਜ ਅਜੇ ਵੀ ਜਾਰੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਭਰੋਸਾ ਦਿੱਤਾ ਹੈ ਕਿ ਕੇਂਦਰ ਸਰਕਾਰ ਦੁਆਰਾ ਰਾਜ ਸਰਕਾਰ ਨੂੰ ਰਾਹਤ ਅਤੇ ਬਚਾਅ ਕਾਰਜ ਲਈ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

## ਕੇਂਦਰ ਸਰਕਾਰ ਦੁਆਰਾ ਚੁੱਕੇ ਗਏ ਕਦਮ

- ਕੇਂਦਰ ਸਰਕਾਰ ਸਥਿਤੀ ਦੀ 24X7 ਉੱਚਤਮ ਪੱਧਰ ’ਤੇ ਨਿਗਰਾਨੀ ਕਰ ਰਹੀ ਹੈ। ਮਾਣਯੋਗ ਪ੍ਰਧਾਨ ਮੰਤਰੀ ਖੁਦ ਸਥਿਤੀ ’ਤੇ ਗਹਿਰੀ ਨਜ਼ਰ ਰੱਖ ਰਹੇ ਹਨ।
- ਆਈਟੀਬੀਪੀ ਨੇ ਆਪਣਾ ਕੰਟਰੋਲ ਰੂਮ ਸਥਾਪਿਤ ਕੀਤਾ ਹੈ ਅਤੇ ਉਨ੍ਹਾਂ ਦੇ 450 ਜਵਾਨ, ਸਾਰੇ ਜ਼ਰੂਰੀ ਸਾਜ਼ੋ-ਸਮਾਨ ਨਾਲ ਘਟਨਾ ਸਥਲ ’ਤੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲਗੇ ਹੋਏ ਹਨ।
- ਐੱਨਡੀਆਰਐੱਫ ਦੀਆਂ 5 ਟੀਮਾਂ ਘਟਨਾ ਸਥਲ ’ਤੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲਗੀਆਂ ਹੋਈਆਂ ਹਨ।
- ਆਰਮੀ ਦੀਆਂ 8 ਟੀਮਾਂ, ਜਿਸ ਵਿੱਚ ਈਟੀਐੱਫ ਵੀ ਸ਼ਾਮਲ ਹੈ, ਘਟਨਾ ਸਥਲ ’ਤੇ ਬਚਾਅ ਕਾਰਜ ਕਰ ਰਹੀ ਹੈ। ਇੱਕ ਮੈਡੀਕਲ ਟੀਮ ਅਤੇ ਦੋ ਐਂਬੂਲੈਂਸਾਂ ਵੀ ਘਟਨਾ ਸਥਲ ’ਤੇ ਤੈਨਾਤ ਹਨ। ਨੇਵੀ ਦੀ ਇੱਕ ਗੋਤਾਖੋਰ ਟੀਮ ਵੀ ਘਟਨਾ ਸਥਲ ’ਤੇ ਬਚਾਅ ਕਾਰਜ ਲਈ ਪਹੁੰਚ ਚੁੱਕੀ ਹੈ।
- ਏਅਰਫੋਰਸ ਦੇ 5 ਹੈਲੀਕੌਪਟਰਾਂ ਨੂੰ ਵੀ ਇਸ ਕਾਰਜ ਵਿੱਚ ਲਗਾਇਆ ਗਿਆ। ਜੋਸ਼ੀਮਠ ਵਿੱਚ ਇੱਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ। ਸਸ਼ਤਰ ਸੀਮਾ ਬਲ (SSB) ਦੀ ਇੱਕ ਟੀਮ ਅਤੇ ਡੀਆਰਡੀਓ/ਸਾਸੇ (SASE) ਦੀ ਇੱਕ ਟੀਮ, ਜੋ ਬਰਫ਼ ਦੇ ਤੋਦੇ ਡਿੱਗਣ ਦੀ ਨਿਗਰਾਨੀ ਕਰਦੀ ਹੈ, ਘਟਨਾ ਸਥਲ ’ਤੇ ਪਹੁੰਚੀ। ਤਪੋਵਨ ਟਨਲ ਵਿੱਚ ਰਾਹਤ ਕਾਰਜ ਜਾਰੀ ਹੈ। ●

# ਹੱਥੀਂ ਬਣਾਏ ਮੋਨਪਾ ਕਾਗਜ਼ ਹੁਣ ਬਣ ਰਹੀ ਹੈ ਨਵੀਂ ਪਹਿਚਾਣ

**'ਚੜ੍ਹਦੇ ਸੂਰਜ ਦਾ ਪਰਬਤ' ਦੇ ਨਾਮ ਨਾਲ ਮਸ਼ਹੂਰ ਅਰੁਣਾਚਲ ਪ੍ਰਦੇਸ਼ ਦਾ ਤਵਾਂਗ ਜ਼ਿਲ੍ਹਾ ਹੁਣ ਆਪਣੇ ਹੱਥੀਂ ਬਣਾਏ ਕਾਗਜ਼ ਜ਼ਰੀਏ ਇੱਕ ਨਵੀਂ ਪਹਿਚਾਣ ਬਣਾਉਣ ਵੱਲ ਚਲ ਪਿਆ ਹੈ। ਪੇੜ ਦੇ ਸੱਕ ਤੋਂ ਬਣਾਏ ਜਾਣ ਵਾਲੇ ਮੋਨ ਸ਼ੁਗੂ ਜਾਂ ਮੋਨਪਾ ਨਾਮ ਦੇ ਇਸ ਕਾਗਜ਼ ਨੂੰ ਬਣਾਉਣ ਦੀ ਹਜ਼ਾਰ ਸਾਲ ਪੁਰਾਣੀ ਸਥਾਨਕ ਕਲਾ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਿੱਤੀ ਨਵੀਂ ਪਹਿਚਾਣ ਜਿਸ ਨਾਲ ਪ੍ਰਾਚੀਨ ਸੱਭਿਆਚਾਰ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਬਣੇਗਾ ਇਸ ਖੇਤਰ ਦੇ ਲੋਕਾਂ ਦੀ ਆਜੀਵਿਕਾ ਦਾ ਅਧਾਰ**

ਅਰੁਣਾਚਲ ਪ੍ਰਦੇਸ਼ ਦਾ ਤਵਾਂਗ ਜ਼ਿਲ੍ਹਾ ਆਪਣੀ ਕੁਦਰਤੀ ਖੂਬਸੂਰਤੀ ਅਤੇ ਸੂਰਜ-ਉਦੈ ਦੀ ਪਹਿਲੀ ਕਿਰਨ ਲਈ ਜਾਣਿਆ ਜਾਂਦਾ ਹੈ। ਲੇਕਿਨ ਇਸ ਦੇ ਇਲਾਵਾ ਤਵਾਂਗ ਨੂੰ ਇੱਕ ਹੋਰ ਗੱਲ ਲਈ ਜਾਣਿਆ ਜਾਂਦਾ ਹੈ ਅਤੇ ਉਹ ਹੈ –ਮੋਨ ਸ਼ੁਗੁ ਕਾਗਜ਼। ਇਹ ਅਜਿਹਾ ਕਾਗਜ਼ ਹੈ ਜਿਸ ਲਈ ਕਿਸੇ ਪੇੜ ਨੂੰ ਨਹੀਂ ਕੱਟਿਆ ਜਾਂਦਾ। ਬਲਕਿ ਔਸ਼ਧੀ ਗੁਣਾਂ ਨਾਲ ਭਰਪੂਰ ਸ਼ੁਗੁ ਸ਼ੇਂਗ ਪੇੜ ਦੇ ਸੱਕ ਨਾਲ ਇਹ ਕਾਗਜ਼ ਹੱਥੀਂ ਤਿਆਰ ਕੀਤਾ ਜਾਂਦਾ ਹੈ। ਤਵਾਂਗ ਦੇ ਘਰ-ਘਰ ਵਿੱਚ ਇਹ ਕਾਗਜ਼ ਬਣਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹਾਲ ਹੀ ਵਿੱਚ ਆਪਣੇ 'ਮਨ ਕੀ ਬਾਤ' ਪ੍ਰੋਗਰਾਮ ਵਿੱਚ ਇਸ ਦਾ ਜ਼ਿਕਰ ਕਰਦੇ ਹੋਏ ਕਿਹਾ ਸੀ, "ਇਸ ਕਾਗਜ਼ ਨੂੰ ਬਣਾਉਣ ਲਈ ਨਾ ਤਾਂ ਕੋਈ ਪੇੜ ਕੱਟਿਆ ਜਾਂਦਾ ਹੈ, ਨਾ ਕਿਸੇ ਕੈਮੀਕਲ ਦਾ ਉਪਯੋਗ ਕੀਤਾ ਜਾਂਦਾ ਹੈ। ਇਸ ਲਈ ਸਿਹਤ ਅਤੇ ਵਾਤਾਵਰਣ ਦੋਹਾਂ ਲਈ ਇਹ ਸੁਰੱਖਿਅਤ ਹੈ।" ਇਕ ਸਮਾਂ ਸੀ ਜਦੋਂ ਇਸ ਕਾਗਜ਼ ਦਾ ਨਿਰਯਾਤ ਹੁੰਦਾ ਸੀ, ਲੇਕਿਨ ਜਦੋਂ ਆਧੁਨਿਕ ਤਕਨੀਕ ਨਾਲ ਵੱਡੀ ਮਾਤਰਾ ਵਿੱਚ ਕਾਗਜ਼ ਬਣਨ ਲਗੇ, ਤਾਂ ਇਹ ਸਥਾਨਕ ਕਲਾ ਬੰਦ ਹੋਣ ਦੀ ਕਗਾਰ 'ਤੇ ਪਹੁੰਚ ਗਈ।



### 1000 ਸਾਲ ਪੁਰਾਣੀ ਕਲਾ ਦੀਆਂ ਵਿਸ਼ੇਸ਼ਤਾਵਾਂ

- ਮੋਨਪਾ ਕਾਗਜ਼ ਨੂੰ ਬਣਾਉਣ ਦਾ ਸਿਲਸਿਲਾ ਕਰੀਬ ਇੱਕ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ।
- ਲਚਕੀਲੇ ਅਤੇ ਭਾਰ ਹੀਣ ਰੇਸ਼ਿਆਂ ਨਾਲ ਇਹ ਬੇਹੱਦ ਮਜ਼ਬੂਤ ਤਾਂ ਹੁੰਦਾ ਹੀ ਹੈ, ਨਾਲ ਹੀ ਇਸ 'ਤੇ ਲਿਖਾਈ ਲੰਬੇ ਸਮੇਂ ਤੱਕ ਉਸੇ ਤਰ੍ਹਾਂ ਬਣੀ ਰਹਿੰਦੀ ਹੈ। ਇਸ ਦਾ ਉਪਯੋਗ ਬੁੱਧ ਧਰਮ ਦੀਆਂ ਪ੍ਰਾਰਥਨਾਵਾਂ ਅਤੇ ਗ੍ਰੰਥਾਂ ਨੂੰ ਲਿਖਣ ਲਈ ਕੀਤਾ ਜਾਂਦਾ ਸੀ।
- ਹੁਣ ਇੱਕ ਸਥਾਨਕ ਸਮਾਜਿਕ ਕਾਰਜਕਰਤਾ ਕਲਿੰਗ ਗੋਂਬੂ ਨੇ ਇਸ ਕਲਾ ਨੂੰ ਮੁੜ-ਸੁਰਜੀਤ ਕਰਨ ਦਾ ਯਤਨ ਕੀਤਾ ਹੈ, ਇਸ ਨਾਲ ਇੱਥੋਂ ਦੇ ਆਦਿਵਾਸੀਆਂ ਨੂੰ ਰੋਜ਼ਗਾਰ ਦਾ ਇੱਕ ਨਵਾਂ ਸਾਧਨ ਵੀ ਮੁਹੱਈਆ ਹੋਇਆ ਹੈ।

### ਕੇਵੀਆਈਸੀ ਨੇ ਸ਼ੁਰੂ ਕੀਤੀ ਔਨਲਾਈਨ ਸੇਲ...

ਪ੍ਰਧਾਨ ਮੰਤਰੀ ਮੋਦੀ ਨੇ ਹਾਲ ਹੀ ਦੇ ਮਨ ਕੀ ਬਾਤ ਵਿੱਚ ਇਸ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਸੀ। ਉਨ੍ਹਾਂ ਦੀ ਅਪੀਲ ਦਾ ਅਸਰ ਇਹ ਹੋਇਆ ਕਿ ਹੁਣ ਦੇਸ਼ ਭਰ ਦੇ ਲੋਕ ਮੋਨਪਾ ਕਾਗਜ਼ ਬਾਰੇ ਜਾਣਨ ਲਗੇ ਹਨ। ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ (ਕੇਵੀਆਈਸੀ) ਨੇ ਵੀ ਆਪਣੇ ਈ-ਪੋਰਟਲ www.khadiindia.gov.in 'ਤੇ ਮੋਨਪਾ ਕਾਗਜ਼ ਦੀ ਵਿਕਰੀ ਸ਼ੁਰੂ ਕਰ ਦਿੱਤੀ ਹੈ। ਬੇਹੱਦ ਸਸਤੀ ਦਰ 50 ਪੈਸੇ ਪ੍ਰਤੀ ਸ਼ੀਟ ਦੇ ਹਿਸਾਬ ਨਾਲ ਵਿਕਣ ਵਾਲੇ ਇਸ ਕਾਗਜ਼ ਦੇ ਜ਼ਰੀਏ ਇੱਕ ਛੋਟੀ ਜਿਹੀ ਕੋਸ਼ਿਸ਼ ਆਪਣੀਆਂ ਜੜ੍ਹਾਂ ਨੂੰ ਜੀਵਿਤ ਰੱਖਣ ਦੇ ਨਾਲ ਹੀ ਨੌਜਵਾਨਾਂ ਨੂੰ ਪਰੰਪਰਾ ਨਾਲ ਜੋੜ ਕੇ ਰੱਖਣ ਦੀ ਵੀ ਹੈ।

RNI No. :
DELPUN/2020/78808
March: 01-15, 2021

NEW INDIA
SAMACHAR
FORTNIGHTLY

RNI Registered No DELPUN/2020/78808, Delhi Postal License No DL (S)-1/3544/2020-22,
WPP NO U (S)-92/2020-22, Posting at BPC, Meghdoot Bhawan, New Delhi-110001.
On 26-28 advance Fortnightly (Publishing Date 18 February, 2021, Pages - 44)



## ਭਗਵਾਨ ਨਟਰਾਜ ਨੂੰ ਸਮਰਪਿਤ

# ਨਾਟਯਾਂਜਲੀ ਉਤਸਵ

(11 ਮਾਰਚ, ਮਹਾਸ਼ਿਵਰਾਤਰੀ ਤੋਂ 15 ਮਾਰਚ, 2021 ਤੱਕ)

ਤਮਿਲ ਨਾਡੂ ਦੇ ਚਿਦੰਬਰਮ ਸਥਿਤ 1000 ਸਾਲ ਪੁਰਾਣੇ ਪ੍ਰਸਿੱਧ ਮੰਦਿਰ ਵਿੱਚ ਹਰ ਸਾਲ ਮਹਾਸ਼ਿਵਰਾਤਰੀ ਤੋਂ ਪੰਜ ਦਿਨਾਂ ਤੱਕ ਨਾਟਯਾਂਜਲੀ ਨ੍ਰਿਤ ਉਤਸਵ ਮਨਾਇਆ ਜਾਂਦਾ ਹੈ। ਇਹ ਨ੍ਰਿਤ ਉਤਸਵ ਨ੍ਰਿਤਾਂ ਦੇ ਦੇਵਤਾ ਭਗਵਾਨ ਨਟਰਾਜ ਨੂੰ ਸਮਰਪਿਤ ਹੈ, ਜਿੱਥੇ ਦੇਸ਼ ਦੁਨੀਆ ਤੋਂ ਨ੍ਰਿਤਕ ਆ ਕੇ ਭਰਤ ਨਾਟਯਮ, ਕੁਚੁਪੁੜੀ, ਮੋਹਿਨੀ ਅੱਟਮ, ਕੱਥਕ, ਓਡੀਸ਼ੀ, ਗੌੜੀਯ ਨ੍ਰਿਤ ਅਤੇ ਪੁੰਗ ਚੋਲਮ ਆਦਿ ਜਿਹੇ ਸਾਰੇ ਸ਼ਾਸਤਰੀ ਰੂਪਾਂ ਵਿੱਚ ਭਗਵਾਨ ਨਟਰਾਜ ਨੂੰ ਆਪਣੀ ਨ੍ਰਿਤ ਦੀ ਭੇਂਟ ਚੜ੍ਹਾਉਂਦੇ ਹਨ। ਭਾਰਤ ਦੇ ਸਮ੍ਰਿੱਧ ਨ੍ਰਿਤ ਸੱਭਿਆਚਾਰ ਅਤੇ ਧਰਮ ਦੀ ਭਾਵਨਾ ਨੂੰ ਪ੍ਰਦਰਸ਼ਿਤ ਕਰਨ ਵਾਲੇ ਇਸ ਉਤਸਵ ਦੀ ਵਿਸ਼ੇਸ਼ਤਾ ਇਸ ਦੀ ਭਗਤੀ ਵਿੱਚ ਮੌਜੂਦ ਹੈ। ਹਰ ਸਾਲ ਮਨਾਏ ਜਾਣ ਵਾਲੇ ਇਸ ਉਤਸਵ ਦੀ ਸ਼ੁਰੂਆਤ 1981 ਵਿੱਚ ਹੋਈ ਸੀ।

Punjabi

Editor:
Jaideep Bhatnagar,
Principal Director General,
PIB, New Delhi

Published & Printed by: Satyendra Prakash, Director General, BOC on behalf of Bureau of Outreach and Communication

Published from Bureau of Outreach and Communication, 2nd Floor, Soochna Bhawan, New Delhi -110003

Printed at VIBA Press (P) Ltd. C-66/3, Okhla Industrial Area, Phase-II, New Delhi 110020